# ਟੌਹੜੇ ਦੇ ਮਾਤੈਹਤ ਜਥੇਦਾਰਾਂ ਦੀ ਪੋਲਟ ਬਿਓਰੋ ਨੂੰ ਮੈਂ ਮੁਤੱਲਕ ਤਸਲੀਮ ਨਹੀਂ ਕਰਦਾ

Prof. Dr. Harnam Singh Shan
Principal Project Investigator
U.G.C. Research Project on Sikhism
605, Sector 16, Chandigarh.

* ਟੌਹੜੇ ਦੀ ਪੋਲਟ ਬਿਓਰੋ ਗੁਰਮੱਤ ਨਹੀਂ; ਮਨਮੱਤ ਹੈ ਜੋ ਅਕਾਲ ਤਖਤ ਦੇ ਨਾਮ ਦੀ ਕੁਵਰਤੋਂ ਕਰਕੇ ਟੌਹੜੇ ਦੇ ਆਲੋਚਕਾਂ ਨੂੰ ਭੈ ਭੀਤ ਕਰਦੀ ਹੈ।

* ਸ਼ਰੋਮਣੀ ਕਮੇਟੀ ਸਿੱਖ ਗੁਰੂ ਸਾਹਿਬਾਨ ਦੀ ਦੇਣ ਨਹੀਂ, ਅੰਗਰੇਜ਼ ਹੁਕਮਰਾਨਾਂ ਦੀ ਦੇਣ ਹੈ।

* ਸ਼ਰੋਮਣੀ ਕਮੇਟੀ ਦਾ ਪ੍ਰਧਾਨ ਟੌਹੜਾ, ਸਾਰੇ ਅਹੁਦੇਦਾਰ, ਮੈਂਬਰ, ਮੁਲਾਜ਼ਮ, ਜਥੇਦਾਰ ਤੇ ਗਰੰਥੀ ਅਰਦਾਸਾਂ ਤੇ ਸ਼ਹੀਦੀ ਦੇ ਲਿਖਤੀ ਪ੍ਰਣ ਨਾ ਨਿਭਾਹੁਣ ਅਤੇ ਸ਼ਹੀਦੀਆਂ ਤੋਂ ਭਗੌੜੇ ਹੋਣ ਦੇ ਖੁਦ ਦੋਸ਼ੀ ਹਨ।

* ਟੌਹੜਾ ਕਾਫਰ ਹੈ, ਕੁੜਿਆਰ ਹੈ, ਕਾਇਰ ਹੈ, ਕਾਤਲ ਹੈ, ਕੱਪਟੀ ਹੈ। ਇਸ ਬਾਰੇ ਸਰਬੱਤ ਖਾਲਸਾ ਇਕੱਠ ਪਾਸੋਂ ਫੈਸਲਾ ਕਰਵਾਉਣਾ ਅਤੀ ਜ਼ਰੂਰੀ ਹੈ।

* ਟੌਹੜੇ ਵਲੋਂ ਮੇਰੇ ਵਿਰੁੱਧ ਸ਼ਿਕਾਇਤ ਕਰਨ ਦਾ ਪਿਛੋਕੜ।

* ਮੇਰੀ ਪੁਜ਼ੀਸ਼ਨ ਬੜੀ ਸਪੱਸ਼ਟ ਹੈ।

* ਪ੍ਰੋ. ਮਨਜੀਤ ਸਿੰਘ ਤੇ ਦੂਜੇ ਜਥੇਦਾਰ ਮੈਨੂੰ ਤਲਬ ਕਰਨ ਦੇ ਮਜਾਜ ਹੀ ਨਹੀਂ ਹਨ।

* ਟੌਹੜੇ, ਜਥੇਦਾਰਾਂ ਤੇ ਹੈਡਗਰੰਥੀਆਂ ਦੇ ਸਿੱਖ ਦੁਸ਼ਮਣੀ ਦੇ ਕ੍ਰਿਦਾਰ ਅਤੇ ਮੇਰੀਆਂ ਲਿਖਤਾਂ ਬਾਰੇ ਰੋਸ਼ਨ ਦਿਮਾਗ਼ ਸਿੱਖ ਵਿਦਵਾਨਾਂ ਅਤੇ ਨਿਰਪੱਖ ਤੇ ਸੱਚੇ ਪੰਥ ਹਿਤੈਸ਼ੀਆਂ ਦੇ ਸਰਬੱਤ ਖ਼ਾਲਸਾ ਇਕੱਠ ਪਾਸੋਂ ਫੱਤਵਾ ਲਿਆ ਜਾਏ।

ਨਰਿੰਦਰ ਸਿੰਘ ਭੁਲੇਰ
ਡਿਕਟੇਟਰ ਪੰਜਾਬੀ ਸੂਬਾ ਮੋਰਚਾ
ਬਟਾਲਾ

8-4-93

Digitized by Panjab Digital Library | www.panjabdigilib.org

# ਇਸ ਸਪੱਸ਼ਟੀਕਰਨ ਦੀ ਲੋੜ ਕਿਉਂ ਪਈ ?

10 ਫਰਵਰੀ ਨੂੰ ਟੌਹੜੇ ਨੇ ਪੀ.ਟੀ.ਆਈ. ਦੇ ਕਾਰਸਪਾਂਡੈਂਟ ਰਾਹੀਂ ਸਾਰੀਆਂ ਅਖ਼ਬਾਰਾਂ ਵਿਚ ਇਹ ਖਬਰ ਫਲੈਸ਼ ਕਰਵਾਈ ਕਿ ਸ਼ਰੋਮਣੀ ਕਮੇਟੀ ਨੇ ਜਥੇਦਾਰ ਅਕਾਲ ਪਖਤ ਪ੍ਰੋ. ਮਨਜੀਤ ਸਿੰਘ ਪਾਸ ਲਿਖਤੀ ਸ਼ਿਕਾਇਤ ਭੇਜੀ ਹੈ ਕਿ ਨਰਿੰਦਰ ਸਿੰਘ ਭੁਲੇਰ ਜੋ ਆਪਣੇ ਆਪ ਨੂੰ ਡਿਕਟੇਟਰ ਪੰਜਾਬੀ ਸੂਬਾ ਪ੍ਰਚਾਰਦਾ ਹੈ, ਉਸ ਨੇ ਆਪਣੇ ਇਕ ਪੈਮਫਲਿਟ ਵਿਚ ਗੁਰੂ ਗਰੰਥ ਦੀ ਸਰਵੁੱਚਤਾ ਨੂੰ ਚੁਣੌਤੀ ਦਿੱਤੀ ਹੈ, ਇਸ ਲਈ ਉਸ ਨੂੰ ਅਕਾਲ ਤਖਤ ਤੇ ਪੇਸ਼ ਹੋਣ ਦਾ ਹੁਕਮ ਦਿੱਤਾ ਜਾਏ ਤੇ ਸਜ਼ਾ ਦਿੱਤੀ ਜਾਏ ।

12 ਫਰਵਰੀ ਨੂੰ ਬਟਾਲੇ ਦੇ ਚਾਰ ਪੰਜ ਪੱਤਰਕਾਰ ਤੇ ਸੀ.ਆਈ.ਡੀ. ਦੇ ਅਫਸਰ ਮੈਨੂੰ ਉਚੇਚੇ ਤੌਰ ਤੇ ਮਿਲੇ ਤੇ ਕਹਿਣ ਲੱਗੇ ਕਿ ਤੁਹਾਡਾ ਇਸ ਖਬਰ ਬਾਰੇ ਕੀ ਰੱਦੋਅਮਲ ਹੈ ? ਮੈਂ ਉਹਨਾਂ ਨੂੰ ਕਿਹਾ ਕਿ ਇਹ ਤਾਂ ਨਿਰੋਲ ਅਖਬਾਰੀ ਖਬਰ ਹੈ, ਜਦ ਟੌਹੜੇ ਦੀ ਸ਼ਿਕਾਇਤ ਦੇ ਆਧਾਰ ਉਤੇ ਮੈਨੂੰ ਕੋਈ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਵਲੋਂ ਬਾਕਾਇਦਾ ਕੋਈ ਦੋਸ਼ ਪੱਤਰ ਭੇਜਿਆ ਜਾਏਗਾ, ਉਸ ਹਾਲਤ ਵਿਚ ਹੀ ਮੈਂ ਕੁੱਝ ਕਹਿ ਸਕਾਂਗਾ ਨਿਰੋਲ ਅਖਬਾਰੀ ਖਬਰ ਤੇ ਮੈਂ ਕੁਝ ਕਹਿਣ ਨੂੰ ਤਿਆਰ ਨਹੀਂ ਹਾਂ । ਜਦ ਮੈਂ ਤਿੰਨ ਦਿਨਾਂ ਪਿਛੋਂ ਚੰਡੀਗੜ੍ਹ ਗਿਆ ਤਾਂ ਪੰਜਾਬ ਸੈਕਟਰੀਏਟ ਵਿਚ ਮੈਨੂੰ ਟਾਈਮਜ਼ ਆਫ ਇੰਡੀਆ ਦੇ ਕਾਰਸਪਾਂਡਟ ਸ੍ਰੀ ਸੁਰਿੰਦਰ ਅਵੱਸਥੀ ਅਤੇ ਆਲ ਇੰਡੀਆ ਰੇਡੀਓ ਦੇ ਕਾਰਸਪਾਂਡੈਂਟ ਜੀ. ਸੀ. ਭਾਰਦਵਾਜ ਮਿਲ ਪਏ । ਉਹਨਾਂ ਨੇ ਵੀ ਮੇਰਾ ਇਸ ਖਬਰ ਬਾਰੇ ਰੱਦੋ ਅਮਲ ਜਾਨਣਾ ਚਾਹਿਆਂ ਤਾਂ ਮੈਂ ਉਹਨਾਂ ਨੂੰ ਵੀ ਇਹ ਹੀ ਕਿਹਾ ਕਿ ਅਕਾਲ ਤਖਤ ਤੋਂ ਦੋਸ਼ ਪੱਤਰ ਮਿਲਣ ਪਿਛੋਂ ਹੀ ਮੈਂ ਪ੍ਰੈਸ ਨੂੰ ਇਸ ਬਾਰੇ ਆਪਣਾ ਪ੍ਰਤੀਕਰਮ ਦੱਸਾਂਗਾ । ਸੈਂਕੜੇ ਮੇਰੇ ਪਾਠਕਾਂ ਤੇ ਦੋਸਤਾਂ ਨੇ ਵੀ ਮੈਥੋਂ ਮੰਗ ਕੀਤੀ ਹੈ ਕਿ ਮੈਂ ਇਸ ਬਾਰੇ ਆਪਣਾ ਪੱਖ ਪੇਸ਼ ਕਰਾਂ ।

ਖਬਰ ਫਲੈਸ਼ ਹੋਈ ਨੂੰ 26 ਦਿਨ ਬੀਤ ਗਏ ਹਨ ਪਰ ਅੱਜ ਤਕ ਮੈਨੂੰ ਅਕਾਲ ਤਖਤ ਤੋਂ ਕੋਈ ਦੋਸ਼ ਪੱਤਰ ਮੌਸੂਲ ਨਹੀਂ ਹੋਇਆ । ਪਰ ਇਸ ਖਬਰ ਨੇ ਮੇਰੇ ਬਾਰੇ ਸ਼ੰਕੇ ਬਹੁਤ ਪੈਦਾ ਕੀਤੇ ਹਨ । ਇਸ ਲਈ ਮੈਂ ਇਹ ਛੋਟਾ ਜਿਹਾ ਪੈਮਫਲਿਟ ਆਪਣੇ ਪਾਠਕਾਂ ਅਤੇ ਟੌਹੜੇ ਦੀ ਪੋਲਟ ਬਿਓਰੋ ਦੀ ਜਾਣਕਾਰੀ ਲਈ ਪ੍ਰਕਾਸ਼ਤ ਕਰ ਰਿਹਾ ਹਾਂ । ਮੈਨੂੰ ਆਸ ਹੈ ਕਿ ਇਹ ਸਾਰੇ ਸ਼ੰਕੇ ਨਿਵਰਤ ਕਰ ਦੇਵੇਗਾ । ਮਨਮੱਤਾਂ ਤੇ ਅੰਧਵਿਸ਼ਵਾਸੀ ਵਿਚ ਫਸੇ ਸਿੱਖਾਂ ਦੀ ਤਾਂ ਪਤਾ ਨਹੀਂ ਤਸੱਲੀ ਹੋਵੇ ਕਿ ਨਾ, ਪਰ ਰੋਸ਼ਨ ਦਿਮਾਗ ਸਿੱਖ ਵਿਦਵਾਨਾਂ ਅਤੇ ਨਿਰਪੱਖ ਸੋਚ ਵਾਲੇ ਪੰਥ ਹਿਤੈਸ਼ੀ ਸਿੱਖਾਂ ਤੇ ਇਹ ਪੈਮਫਲਿਟ ਅਸਲੀਅਤ ਤੇ ਹਕੀਕਤ ਅਸ਼ਕਾਰ ਅਵੱਸ਼ ਕਰ ਦੇਵੇਗਾ । ਇਹ ਪੈਮਫਲਿਟ ਪੜ੍ਹਨ ਪਿਛੋਂ ਵੀ ਜੇ ਕੁਝ ਸ਼ੰਕੇ ਬਕਾਇਆ ਰਹਿ ਜਾਣ ਤਾਂ ਦਾਸ ਉਹ ਵੀ ਨਵਿਰਤ ਕਰਨ ਦਾ ਯਤਨ



Digitized by Panjab Digital Library | www.panjabdigilib.org

ਕਰੇਗਾ। ਇਕ ਬੇਨਤੀ ਜ਼ਰੂਰ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਪੈਮਫਲਿਟਾਂ ਤੇ ਟੌਹੜੇਨੇ ਸ਼ਿਕਾਇਤ ਕੀਤੀ ਹੈ ਉਹਨਾਂ ਨੂੰ ਵੀ ਗੌਹ ਨਾਲ ਇਕ ਇਕ ਅੱਖਰ ਪੜ੍ਹ ਕੇ ਵਿਚਾਰੋ। ਫਿਰ ਵਿਸ ਪੈਮਫਲਿਟ ਨੂੰ ਗੌਹ ਨਾਲ ਪੜ੍ਹ ਕੈ ਵਿਚਾਰੋਗੇ ਤਾਂ ਸਭ ਸ਼ੰਕੇ ਆਪਣੇ ਆਪ ਨਵਿਰਤ ਹੁੰਦੇ ਜਾਣਗੇ। ਸਾਫ ਸਪੱਸ਼ਟ ਹੋ ਜਾਏਗਾ ਕਿ ਦੋਸ਼ੀ ਕੌਣ ਹੈ ? ਮੈਂ ਖਾਲਸਾ ਪੰਥ ਦਾ ਚੌਕੀਦਾਰ ਹਾਂ, ਟੌਹੜਾ ਤੇ ਉਸਦੀ ਪੋਲਟ ਬਿਓਰੋ ਦੇ ਜਥੇਦਾਰ ਚੋਰ ਹਨ, ਦੋਸ਼ੀ ਹਨ, ਚੋਰਾਂ ਦੇ ਕਹਿਣ ਤੇ ਚੌਕੀਦਾਰ ਵਿਰੁੱਧ ਕਦੇ ਐਫ.ਆਈ.ਆਰ. ਨਾ ਦਰਜ ਹੋਈ ਹੈ ਨਾ ਹੋਵੇਗੀ।

## ਟੌਹੜੇ ਦੀ ਸਥਾਪਤ ਕੀਤੀ ਪੋਲਟ ਬਿਓਰੋ ਗੁਰਮੱਤ ਨਹੀਂ ਮਨਮੱਤ ਹੈ।

ਟੌਹੜਾ 1972 ਦੇ ਅਖੀਰ ਵਿਚ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਬਣਿਆ ਸੀ। ਟੌਹੜਾ ਪਹਿਲੀ ਉਮਰ ਵਿਚ ਕਮਿਊਨਿਸਟ ਰਿਹਾ ਸੀ ਤੇ ਉਸ ਦੇ ਵਿਚਾਰਾਂ ਉੱਤੇ ਨਾਸਤਕਤਾ ਦੀ ਛਾਪ ਹੈ। ਜਦ ਦੋ ਚਾਰ ਸਾਲ ਟੌਹੜਾ ਲਗਾਤਾਰ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਬਣਦਾ ਚਲਾ ਗਿਆ ਤਾਂ ਟੌਹੜੇ ਨੇ ਕਮਿਊਨਿਸਟਾਂ ਦੀ ਤਰਜ਼ ਤੇ ਸਿੱਖੀ ਵਿਚ ਵੀ ਪੋਲਟ ਬਿਓਰੋ ਸਥਾਪਤ ਕਰਨ ਦੀ ਪਲੈਨਿੰਗ ਕੀਤੀ। ਟੌਹੜੇ ਨੇ ਭਲੀ ਪ੍ਰਕਾਰ ਅਨੁਭਵ ਕਰ ਲਿਆ ਸੀ ਕਿ ਸਿੱਖ ਅੰਧਵਿਸ਼ਵਾਸੀ ਦਾ ਪੂਰੀ ਤਰਾਂ ਸ਼ਿਕਾਰ ਹਨ। ਇਹਨਾਂ ਨੂੰ ਧਰਮ ਦੇ ਨਾਮ ਉੱਤੇ ਕਿਸੇ ਖੂਹ ਵਿਚ ਸੁੱਟ ਦਿਓ। ਇਹ ਬਿਨਾਂ ਸੋਚੇ ਸਮਝੇ ਤੇ ਬਿਨਾ ਚੂੰ ਚਿਰਾਂ ਕੀਤੇ ਡਿਗਣ ਨੂੰ ਤਿਆਰ ਹੁੰਦੇ ਹਨ। ਧਰਮ ਤੇ ਸਿੱਖੀ ਦਾ ਆਪ ਇਹਨਾਂ ਨੂੰ ਨਾ ਗਿਆਨ ਹੈ ਨਾ ਇਹ ਸਮਝਣਾ ਚਾਹੁੰਦੇ ਹਨ। ਅਕਾਲ ਤਖਤ ਦਾ ਜਥੇਦਾਰ ਤੇ ਹੈਡਗਰੰਥੀ ਜੋ ਵੀ ਕਹਿ ਦੇਣ ਉਸ ਨੂੰ ਸਿੱਖ ਅਕਾਲ ਪੁਰਖ ਦਾ ਹੁਕਮ ਮੰਨ ਕੇ ਪ੍ਰਵਾਨ ਕਰ ਲੈਂਦੇ ਹਨ। ਅਪਣੇ ਦਿਮਾਗ ਦੀ ਕਦੇ ਵਰਤੋਂ ਨਹੀਂ ਕਰਦੇ। ਸਿੱਖਾਂ ਦੇ ਇਸ ਸੁਭਾਅ ਨੇ ਟੌਹੜੇ ਨੂੰ ਉਤਸ਼ਾਹ ਦਿੱਤਾ ਕਿ ਉਹ ਕਿਉਂ ਨਾ ਤਖਤਾਂ ਦੇ ਜਥੇਦਾਰਾਂ ਅਤੇ ਹੈਡਗਰੰਥੀਆਂ, ਜੋ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਹੋਣ ਦੇ ਨਾਤੇ ਉਸ ਦੇ ਮਾਤੈਹਤ ਗੁਰਦਵਾਰਾ ਮੁਲਾਜ਼ਮ ਹਨ ਜਿਨ੍ਹਾਂ ਦੀ ਨਿਯੁੱਕਤੀ ਵੀ ਉਹ ਹੀ ਕਰਦਾ ਹੈ ਤੇ ਜਿਨ੍ਹਾਂ ਦੀਆਂ ਤਨਖਾਹਾਂ ਵਿਚ ਵਾਧਾ ਵੀ ਉਹ ਹੀ ਕਰਦਾ ਹੈ, ਦੀ ਇਕ ਪੋਲਟ ਬਿਓਰੋ ਸਥਾਪਤ ਕਰ ਦੇਵੇ, ਜਿਨ੍ਹਾਂ ਦੇ ਮੂੰਹੋਂ ਨਿਕਲਿਆ ਹਰ ਸ਼ਬਦ ਸਿੱਖ ਮੰਨਣਾ ਅਪਣਾ ਧਰਮ ਸਮਝਣ ਤੇ ਉਸੇ ਪੋਲਟ ਬਿਓਰੋ ਰਾਹੀਂ ਟੌਹੜਾ ਆਪ ਸੁਪਰੀਮ ਸਿੱਧ ਹੋਵੇ ਤੇ ਮਰਦੇ ਦਮ ਤੱਕ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਬਣਿਆ ਰਹੇ। ਮੈਂ ਟੌਹੜੇ ਦੀ ਇਸ ਪਲੈਨਿੰਗ ਦਾ 1975-76 ਤੋਂ ਹੀ ਲਿਖਤੀ ਤੌਰ ਤੇ ਵਿਰੋਧ ਕਰਨਾ ਸ਼ੁਰੂ ਕੀਤਾ। ਅਪਣੀ ਅਖਬਾਰ ਦਿਹਾਤੀ ਜਨਤਾ ਵਿਚ ਇਕ ਲੇਖ ਲਿਖਿਆ, ਟੌਹੜੇ ਵਲੋਂ ਅਕਾਲ



Digitized by Panjab Digital Library / www.panjabdigilib.org

ਤਖਤ ਨੂੰ ਪੋਲਟ ਬਿਓਰੋ ਵਿਚ ਬਦਲਣ ਦੀ ਸਾਜਸ਼। ਮੈਂ ਉਸ ਤੋਂ ਪਿਛੋਂ ਅੱਜ ਤਕ ਟੌਹੜੇ ਦੀ ਸਿੱਖ ਦੁਸ਼ਮਨੀ ਦੀਆਂ ਸਾਜ਼ਸ਼ਾਂ ਵਿਰੁੱਧ ਲਿਖਦਾ ਆ ਰਿਹਾ ਹਾਂ। ਪਰ ਸਿੱਖਾਂ ਦਾ ਸੁਭਾਅ ਨਾ ਕੁਝ ਪੜ੍ਹਨ ਦਾ ਹੈ ਨਾਂ ਸਮਝਣ ਦਾ ਹੈ ਨਾ ਸੋਚਣ ਤੇ ਵਿਚਾਰਨ ਦਾ ਹੈ। ਇਸ ਕਾਰਨ ਮੇਰੇ 18 ਸਾਲ ਲਗਾਤਾਰ ਵਿਰੋਧ ਕਰਨ ਦੇ ਬਾਵਜੂਦ ਵੀ ਅਪਰੇਸ਼ਨ ਬਲੂ ਸਟਾਰ ਦੇ ਪਿੱਛੋਂ ਟੌਹੜਾ ਜਥੇਦਾਰਾਂ ਤੇ ਹੈਡਗਰੰਥੀਆਂ ਦੀ ਪੋਲਟ ਬਿਓਰੋ ਸਥਾਪਤ ਕਰਨ ਵਿਚ ਹਰ ਸਾਲ ਸਫਲਤਾ ਪ੍ਰਾਪਤ ਕਰਦਾ ਚਲਾ ਗਿਆ। ਅਕਾਲੀ ਦਲਾਂ ਵਿਚ ਅਪਣੇ ਸਾਰੇ ਵਿਰੋਧੀ ਟੌਹੜੇ ਨੇ ਇਸ ਪੋਲਟ ਬਿਓਰੋ ਪਾਸੋਂ ਜਲੀਲ ਤੇ ਖੁਆਰ ਕਰਕੇ ਸਿਫਰ ਕੀਤੇ ਭਾਂਵੇਂ ਉਹ ਬਾਦਲ ਸੀ, ਤਲਵੰਡੀ ਸੀ, ਬਰਨਾਲਾ ਜਾਂ ਕੋਈ ਹੋਰ ਸੀ।

ਗੁਰਮੱਤ ਅਨੁਸਾਰ ਅਜੇਹੀ ਪੋਲਟ ਬਿਓਰੋ ਦੀ ਕੋਈ ਵਿਵੱਸਥਾ ਨਹੀਂ। ਕਿਸੇ ਗੁਰੂ ਨੇ ਇਸ ਦੇ ਹੱਕ ਵਿਚ ਕੋਈ ਹੁਕਮਨਾਮਾ ਜਾਰੀ ਨਹੀਂ ਕੀਤਾ ਹੋਇਆ। ਇਸ ਲਈ ਇਸ ਨੂੰ ਗੁਰਮੱਤ ਤੇ ਆਧਾਰਤ ਮੰਨਿਆ ਨਹੀ ਜਾ ਸਕਦਾ। ਇਹ ਨਿਰੋਲ ਮਨਮੱਤ ਹੈ ਤੇ ਨਾਸਤਕਾਂ (ਕਮਿਊਨਿਸਟਾਂ) ਦੀ ਪੋਲਟ ਬਿਓਰੋ ਦੀ ਮੁਸੱਦਕਾ ਨਕਲ (true copy) ਹੈ। ਇਸ ਪੋਲਟ ਬਿਓਰੋ ਦੇ ਜ਼ੁੱਮੇ ਮੁੱਖ ਕੰਮ ਹੈ ਟੌਹੜੇ ਨੂੰ ਸੁਪਰੀਮ ਸਿੱਧ ਕਰਨਾ। ਸਾਰੇ ਅਕਾਲੀ ਲੀਡਰਾਂ ਤੋ ਧੜਿਆਂ ਨੂੰ ਟੌਹੜੇ ਦੇ ਥੱਲੇ ਲਾ ਕੇ ਰੱਖਣਾ ਤੇ ਟੌਹੜੇ ਦੇ ਆਲੋਚਕਾਂ ਨੂੰ ਭੈ ਭੀਤ ਕਰਕੇ ਉਹਨਾਂ ਦੀਆਂ ਜ਼ਬਾਨਾਂ ਤੇ ਕਲਮਾਂ ਨੂੰ ਟੌਹੜੇ ਵਿਰੁੱਧ ਹਰਕਤ ਵਿਚ ਨਾ ਆਉਣ ਦੇਣਾ। ਇਸ ਕੰਮ ਲਈ ਇਹ ਪੋਲਟ ਬਿਓਰੋ ਅਕਾਲ ਤਖਤ ਦੇ ਨਾਮ ਦੀ ਕੁਵਰਤੋਂ ਵੀ ਕਰਦੀ ਹੈ। ਤੇ ਉਹਨਾਂ ਅਧਿਕਾਰਾਂ ਦੀ ਵੀ ਵਰਤੋਂ ਕਰਨੋਂ ਗੁਰੇਜ਼ ਨਹੀਂ ਕਰਦੀ ਜਿਹੜੇ ਅਧਿਕਾਰ ਇਹਨਾਂ ਨੂੰ ਕਿਸੇ ਗੁਰੂ ਸਾਹਿਬ ਵੱਲੋਂ ਕਦੇ ਪ੍ਰਾਪਤ ਹੀ ਨਹੀਂ ਸੀ ਹੋਏ। ਇਹ ਪੋਲਟ ਬਿਓਰੋ ਨਿਰੋਲ ਮਨਮਤ ਹੈ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜ਼ੀ ਦੇ ਫਲਸਫਿਆਂ ਦਾ ਖੁੱਲਮ ਖੁੱਲਾ ਵਿਰੋਧ ਹੈ ਪਰ ਅੰਧਵਿਸ਼ਵਾਸ਼ੀ ਵਿਚ ਗ਼ਲਤਾਨ ਸਿੱਖ ਸੰਗਤਾਂ ਇਸ ਨੂੰ ਧਰਮ ਦਾ ਹੀ ਅੰਗ ਮੰਨੀ ਜਾ ਰਹੀਆਂ ਹਨ। ਉਹ ਗੁਰਮੱਤ ਤੇ ਮਨਮੱਤ ਵਿਚ ਤਮੀਜ਼ ਕਰਨ ਦੇ ਯੋਗ ਤੇ ਸਮਰਥ ਹੀ ਨਹੀਂ ਹਨ।

## ਸ਼ਰੋਮਣੀ ਕਮੇਟੀ ਸਿੱਖ ਗੁਰੂ ਸਾਹਿਬਾਨ ਦੀ ਦੇਣ ਨਹੀਂ ਅੰਗਰੇਜ਼ ਹੁਕਮਰਾਨਾਂ ਦੀ ਦੇਣ ਹੈ।

ਸਿੱਖੀ ਦਾ ਜਨਮ ਪੰਦਰਵੀਂ ਸਦੀ ਵਿਚ ਹੋਇਆ। ਗੁਰਦਵਾਰੇ ਸੋਲਵੀਂ ਸਦੀ ਦੇ ਅਖੀਰ ਵਿਚ ਬਨਣੇ ਆਰੰਭ ਹੋਏ। ਸਤਾਰਵੀਂ ਤੇ ਅਠਾਰਵੀਂ ਸਦੀ ਤੇ ਓਨੀਵੀਂ ਸਦੀ ਵਿਚ ਗੁਰਦਵਾਰਿਆਂ ਦੀ ਉਸਾਰੀ ਤੇ ਸੇਵਾ ਸੰਭਾਲ ਦਾ ਕੰਮ ਬੁੱਢਾ ਦਲ ਕਰਦਾ



Digitized by Panjab Digital Library | www.panjabdigilib.org

ਰਿਹਾ ਜਾਂ ਸਿੱਖ ਸੰਗਤਾਂ ਅਪਣੇ ਤੌਰ ਤੇ ਕਰਦੀਆਂ ਰਹੀਆਂ। ਵੀਹਵੀਂ ਸਦੀ ਸਮੇਂ 1920 ਵਿਚ ਕੁਝ ਪੜ੍ਹੇ ਲਿਖੇ ਤੇ ਮੁਲਾਜ਼ਮ ਸਿੱਖਾਂ ਨੇ ਗੁਰਦਵਾਰਿਆਂ ਦੇ ਚੜ੍ਹਤ ਚੜ੍ਹਾਵੇ ਉੱਤੇ ਕਬਜ਼ਾ ਕਰਨ ਲਈ ਗੁਰਦਵਾਰਾ ਸੁਧਾਰ ਲਹਿਰ ਚਲਾਈ। ਮਹੰਤਾਂ ਨੂੰ ਕੁਰੀਤੀਆਂ ਕਰਨ ਤੇ ਚੜ੍ਹਤ ਚੜ੍ਹਾਵਾ ਹੜੱਪ ਕਰਨ ਦੇ ਦੋਸ਼ੀ ਪ੍ਰਚਾਰ ਕੇ ਸਿੱਖਾਂ ਨੂੰ ਇਸ ਲਹਿਰ ਵਿਚ ਸ਼ਾਮਲ ਕਰ ਲਿਆ। ਪੰਜ ਸਾਲ ਲਹਿਰ ਚਲਦੀ ਰਹੀ ਪਰ ਸਫਲਤਾ ਕੋਈ ਨਾ ਮਿਲੀ। ਲਹਿਰ ਦੇ ਮੋਢੀਆਂ ਨੇ ਅਪਣੀ ਜਥੇਬੰਦੀ ਦਾ ਨਾਮ ਸ਼ਰੋਮਣੀ ਅਕਾਲੀ ਦਲ ਰੱਖ ਲਿਆ ਹੋਇਆ ਸੀ। ਲਹਿਰ ਫਿਹਲ ਹੁੰਦੀ ਵੇਖ ਕੇ ਅਕਾਲੀ ਲੀਡਰਾਂ ਨੇ ਅੰਗਰੇਜ਼ ਹਾਕਮਾਂ ਨੂੰ ਭਰੋਸਾ ਦਿਵਾਇਆ ਕਿ ਜੇ ਅੰਗਰੇਜ਼ ਗੁਰਦਵਾਰੇ ਅਕਾਲੀਆਂ ਦੇ ਕਬਜ਼ੇ ਵਿਚ ਦੇ ਦੇਣ, ਮਹੰਤਾਂ ਨੂੰ ਕੱਢ ਦੇਣ ਤਾਂ ਜੋ ਕੰਮ ਮਹੰਤ ਕਰਦੇ ਸੀ ਉਹ ਅਕਾਲੀ ਕਰਦੇ ਰਹਿਣਗੇ ਭਾਵ ਗੁਰਦਵਾਰਿਆਂ 'ਅੰਦਰੋਂ' ਕਦੇ ਖਾਲਸਾ ਰਾਜ ਦੀ ਕਾਇਮੀ ਦੀ ਕਾਲ ਨਹੀਂ ਦਿੱਤੀ ਜਾਏਗੀ ਕਦੇ ਅੰਗਰੇਜ਼ ਦੀ ਗੁਲਾਮੀ ਵਿਰੁੱਧ ਪ੍ਰਚਾਰ ਨਹੀਂ ਕੀਤਾ ਜਾਏਗਾ। ਕਦੇ ਆਜ਼ਾਦੀ ਹਾਸਲ ਕਰਨ ਦੀ ਗੱਲ ਨਹੀਂ ਕੀਤੀ ਜਾਏਗੀ। ਅੰਗਰੇਜ਼ ਇਹ ਹੀ ਚਾਹੁੰਦੇ ਸੀ ਜਦ ਅਕਾਲੀ ਲੀਡਰਾਂ ਨੇ ਚੜ੍ਹਤ ਚੜ੍ਹਾਵੇ ਤੇ ਕਾਬਜ਼ ਹੋਣ ਲਈ ਇਹ ਵਿਸ਼ਵਾਸ਼ ਦਿਵਾ ਦਿੱਤੇ ਤਾਂ ਅੰਗਰੇਜ਼ ਹੁਕਮਰਾਨਾਂ ਨੇ ਬਾਕਾਇਦਾ ਸ੍ਰਕਾਰੀ ਪੱਧਰ ਤੇ ਇਕ ਸਿੱਖ ਗੁਰਦਵਾਰਾ ਐਕਟ ਪਾਸ ਕਰਕੇ ਗੁਰਦਵਾਰੇ ਅਕਾਲੀਆਂ ਦੇ ਕਬਜ਼ੇ ਵਿਚ ਦੇ ਦਿੱਤੇ ਤੇ ਗੁਰਦਵਾਰਾ ਐਕਟ ਵਿਚ ਜੋ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਦੀ ਧਾਰਾ ਸੀ ਉਸ ਅਨੁਸਾਰ ਪਹਿਲੀ ਸ਼ਰੋਮਣੀ ਕਮੇਟੀ ਅੰਗਰੇਜ਼ ਹਾਕਮਾਂ ਨੇ ਆਪ ਹੀ ਨਾਮਜ਼ੱਦ ਕਰ ਦਿੱਤੀ ਗੁਰਦਵਾਰਾ ਐਕਟ ਤੇ ਸ਼ਰੋਮਣੀ ਕਮੇਟੀ ਦੋਵੇਂ 1925 ਵਿਚ ਹੋਂਦ ਵਿਚ ਆਏ। ਇਹ ਪਿਛੋਕੜ ਦੱਸਣ ਦਾ ਅਸਲ ਭਾਵ ਇਹ ਹੈ ਕਿ ਸਿੱਖੀ ਤਾਂ ਪੰਦਰਵੀਂ ਸਦੀ ਵਿਚ ਹੋਂਦ ਵਿਚ ਆ ਗਈ ਸੀ ਪਰ ਸ਼ਰੋਮਣੀ ਕਮੇਟੀ ਵੀਹਵੀਂ ਸਦੀ ਵਿਚ ਹੋਂਦ ਵਿਚ ਆਈ। ਪਰ ਸਿੱਖ ਸੰਗਤਾਂ ਜਿਨ੍ਹਾ ਨੇ ਕਦੇ ਇਤਹਾਸ ਵੱਲ ਧਿਆਨ ਨਹੀਂ ਦਿੱਤਾ ਉਹ ਇਹ ਸਮਝੀ ਬੈਠੀਆਂ ਹਨ ਜਿਵੇਂ ਗੁਰਦਵਾਰਾ ਐਕਟ ਤੇ ਸ਼ਰੋਮਣੀ ਕਮੇਟੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਦੇਣ ਹੈ। ਹਰ ਸਿੱਖ ਨੂੰ ਇਹ ਹਕੀਕਤ ਅਪਣੇ ਮਨ ਵਿਚ ਬਿਠਾ ਲੈਣੀ ਚਾਹੀਦੀ ਹੈ ਕਿ ਗੁਰਦਵਾਰਾ ਐਕਟ ਤੇ ਸ਼ਰੋਮਣੀ ਕਮੇਟੀ ਦੋਵੇਂ ਅੰਗਰੇਜ਼ ਹੁਕਮਰਾਨਾਂ ਦੀ ਦੇਣ ਹਨ ਤੇ 1925 ਦੀ ਦੇਣ ਹਨ। ਸਿੱਖ ਗੁਰੂ ਸਾਹਿਬਾਨ ਅਤੇ ਖਾਲਸਾ ਪੰਥ (1699 ਤੋਂ 1848) ਨਾਲ ਇਹਨਾਂ ਦਾ ਕੋਈ ਸੰਬੰਧ ਨਹੀਂ। ਇਹ ਕੇਵਲ ਅੱਜ ਤੋਂ 69 ਸਾਲ ਪਹਿਲਾਂ ਦੀਆਂ ਚੀਜ਼ਾਂ ਹਨ ਜਦ ਕਿ ਸਿੱਖੀ ਦਾ ਫਲਸਫਾ ਛੇ ਸੌ ਸਾਲ ਪੁਰਾਣਾ ਹੈ ਅਤੇ ਖਾਲਸਾ ਪੰਥ ਦਾ ਫਲਸਫਾ 300 ਸਾਲ ਪੁਰਾਣਾ ਹੈ। ਇਸ ਲਈ ਸ਼ਰੋਮਣੀ ਕਮੇਟੀ ਨੂੰ ਸਿੱਖੀ ਤੇ ਖਾਲਸਾ ਪੰਥ ਦਾ ਕਿਸੇ ਪੱਖੋਂ ਵੀ ਅਹਿਮ ਤੇ ਵਿਸ਼ੇਸ਼ ਅੰਗ ਮਨਣਾ ਕੇਵਲ ਅੰਧਵਿਸ਼ਵਾਸ਼ੀ ਤੇ ਗ਼ਲਤੀ ਹੀ ਨਹੀਂ, ਸਗੋਂ ਘੋਰ ਮਨਮੱਤ ਹੈ।

Digitized by Panjab Digital Library / www.panjabdigilib.org

## ਸ਼ਰੋਮਣੀ ਕਮੇਟੀ ਦੇ ਸਾਰੇ ਮੈਂਬਰ, ਅਹੁਦੇਦਾਰ, ਜਥੇਦਾਰ ਤੇ ਹੈਡਗਰੰਥੀ ਆਪ ਸ਼ਹੀਦੀਆਂ ਤੋਂ ਭਗੌੜੇ ਹੋਣ ਦੇ ਦੋਸ਼ੀ ਹਨ ਤੇ ਗੁਰੂ ਦੇ ਦੇਣਦਾਰ ਹਨ ।

ਜਿਵੇਂ ਕਿ ਉੱਪਰ ਦੱਸ ਚੁਕੇ ਹਾਂ, ਸ਼ਰੋਮਣੀ ਕਮੇਟੀ ਅੰਗਰੇਜ਼ ਸ੍ਰਕਾਰ ਨੇ 1925 ਵਿਚ ਕਾਇਮ ਕੀਤੀ ਤੇ ਉਸ ਨੂੰ ਗੁਰਦਵਾਰਿਆਂ ਦੇ ਚੜ੍ਹਤ ਚੜ੍ਹਾਵੇ ਤੇ ਕਾਬਜ਼ ਕਰਵਾਇਆ । ਉਸ ਸਮੇਂ ਤੋਂ ਅਕਾਲੀ ਜਿਨ੍ਹਾਂ ਦਾ ਸ਼ਰੋਮਨੀ ਕਮੇਟੀ ਤੇ ਕਰਵਾਇਆ ਗਿਆ ਸੀ ਉਹ ਨਿਰੋਲ ਗੁਰਦਵਾਰਿਆਂ ਦਾ ਚੜ੍ਹਤ ਚੜ੍ਹਾਵਾ ਛਕਣ ਵਿਚ ਰੁੱਝੇ ਹੋਏ ਹਨ । ਉਹਨਾਂ ਨੇ ਮਹੰਤਾਂ ਨੂੰ ਵੀ ਦੂਰ ਪਿੱਛੇ ਸੁੱਟ ਦਿੱਤਾ ਹੈ ਮਹੰਤ ਤਾਂ ਸਿੱਖਾਂ ਨੇ 5 ਸਾਲ ਸੰਘਰਸ਼ ਕਰਕੇ ਕੱਢ ਲਏ ਸਨ । ਪਰ ਜਿਹੜੇ ਅਕਾਲੀ ਮਹੰਤਾਂ ਨੂੰ ਅੰਗਰੇਜ਼ ਗੁਰਦਵਾਰਾ ਐਕਟ ਦੇ ਕਾਨੂੰਨ ਰਾਹੀਂ ਗੁਰਦਵਾਰਿਆਂ ਉੱਤੇ ਕਾਬਜ਼ ਕਰਵਾ ਗਿਆ ਹੋਇਆ ਹੈ ਉਹਨਾਂ ਨੂੰ ਸਿੱਖ ਕਦੇ ਕੱਢ ਨਹੀਂ ਸਕਣਗੇ ਕਿਉਂਕਿ ਉਹ ਕਾਨੂੰਨ ਤੇ ਵੋਟਾਂ ਦੇ ਆਧਾਰ ਤੇ ਕਾਇਮ ਹਨ । ਜਿਸ ਟੋਲੇ ਪਾਸ 60 ਕਰੋੜ ਰੁਪੈਆ ਸਾਲਾਨਾਂ ਆਉਂਦਾ ਹੋਵੇ ਉਸ ਦਾ ਗੁਰਦਵਾਰਿਆਂ ਤੋਂ ਜੱਫਾ ਕੌਣ ਖਤਮ ਕਰ ਸਕਦਾ ਹੈ ? ਸਾਰੀਆਂ ਗੁਰਦਵਾਰਾ ਸਟੇਜਾਂ ਉਹਨਾਂ ਪਾਸ ਜਿੱਥੋਂ ਹਰ ਮਹੀਨੇ ਸਿੱਖਾਂ ਨੂੰ ਮਨਮਰਜ਼ੀ ਨਾਲ ਕੁਰਾਹੇ ਪਾਇਆ ਜਾ ਸਕੇ ਹਜ਼ਾਰਾਂ ਗੁਰਦਵਾਰਾ ਮੁਲਾਜ਼ਮ ਤੇ ਪ੍ਰਚਾਰਕ ਉਹਨਾਂ ਦੀ ਉਪਮਾ ਤੇ ਉਸਤਤਿ ਦੇ ਚਰਚੇ ਕਰਨ ਲਈ, ਅੰਗਰੇਜ਼ ਹੁਕਮਰਾਨ ਬੜੀ ਡੂੰਘੀ ਨੀਤੀ ਨਾਲ ਸਿੱਖੀ ਵਿਚ ਚੜ੍ਹਤ ਚੜ੍ਹਾਵੇ ਦੇ ਜ਼ਹਿਰ ਦਾ ਬੀਜ ਬੋ ਗਿਆ ਹੋਇਆ ਹੈ, ਜਿਸ ਦਾ ਅਸਰ ਜ਼ਾਇਲ ਕਰਨਾ ਅੰਧਵਿਸ਼ਵਾਸ਼ੀ ਦਾ ਅਸਰ ਕਬੂਲਣ ਵਾਲੇ ਸਿੱਖਾਂ ਦੇ ਵੱਸ ਦਾ ਰੋਗ ਨਹੀਂ; ਅੱਜ ਅੰਗਰੇਜ਼ ਦੀ ਬਣਾਈ ਹੋਈ ਸ਼ਰੋਮਣੀ ਕਮੇਟੀ ਦੇ ਪ੍ਰਧਾਨ, ਉਹਦੇਦਾਰਾਂ ਮੈਂਬਰ ਅਤੇ ਜਥੇਦਾਰ ਤੇ ਹੈਡਗਰੰਥੀ ਸਭ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਫਲਸਫਿਆਂ ਦੇ ਉਲਟ ਚਲਦੇ ਹਨ ਵਿਰੋਧ ਕਰਦੇ ਹਨ । ਪਰ ਸਿੱਖ ਨਾ ਉਹਨਾਂ ਨੂੰ ਟੋਕ ਸਕਦੇ ਹਨ ਨਾ ਰੋਕ ਸਕਦੇ ਹਨ । ਜੋ ਲੋਕ ਸਿੱਖ ਮੰਨੇ ਹੀ ਨਹੀ ਜਾ ਸਕਦੇ ਉਹ ਸਿੱਖੀ ਦੇ ਮਾਲਕ ਬਣੇ ਬੈਠੇ ਹਨ । ਉਹ ਸਿੱਖੀ ਵਿਚ ਗਲਤ ਪੂਰਨੇ ਪਾ ਰਹੇ ਹਨ । ਸਿੱਖੀ ਦੀਆਂ ਕਦਰਾਂ ਕੀਮਤਾਂ ਖਤਮ ਕਰ ਰਹੇ ਹਨ । ਪਰ ਸਿੱਖ ਕੌਮ ਓਹਨਾਂ ਵਿਰੁੱਧ ਮੂੰਹ ਖੋਹਲਣ ਦਾ ਹੀਆ ਨਹੀਂ ਕਰ ਸਕਦੀ । ਅਜੇਹੀ ਸਿੱਖ ਕੌਮ ਦਾ ਭਵਿੱਖ ਕਿਵੇ ਉਜਲਾ ਹੋ ਸਕਦਾ ਹੈ ?

ਕੀ ਸ਼ਰੋਮਣੀ ਅਕਾਲੀ ਦਾਲ ਦੇ ਪ੍ਰਧਾਨ ਸੰਤ ਫਤਹਿ ਸਿੰਘ ਨੇ ਸਿੱਖੀ ਅੰਦਰ ਮਰਨਵਰਤਾਂ ਦੀ ਬਰਾਹਮਣੀ ਰੀਤ ਨਹੀਂ ਕੀ ਚਲਾਈ ਤੇ ਕੀ ਮਾਸਟਰ ਤਾਰਾ ਸਿੰਘ ਤੇ ਸਮੁੱਚੇ ਸਿੱਖਾਂ ਨੇ ਇਸ ਬਰਾਹਮਣਵਾਦੀ ਰੀਤ ਦਾ ਅਸਰ ਨਹੀਂ ਸੀ ਕਬੂਲਿਆ ? ਕੀ ਅਕਾਲੀ

Digitized by Panjab Digital Library | www.panjabdigilib.org

ਦਲ ਦੇ ਪ੍ਰਧਾਨ ਸੰਤ ਫਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਦੋਵੇਂ ਸ਼ਹੀਦੀ ਦੀਆਂ ਅਰਦਾਸਾਂ ਕਰਕੇ ਸ਼ਹੀਦੀ ਤੋਂ ਭਗੌੜੇ ਨਹੀਂ ਸੀ ਹੋ ਗਏ ? ਕੀ 26 ਦਸੰਬਰ 1966 ਵਾਲੇ ਦਿਨ ਅਕਾਲੀ ਦਲ ਦਾ ਪ੍ਰਧਾਨ ਸੰਤ ਫਤਿਹ ਸਿੰਘ, ਸ਼ਰੋਮਣੀ ਕਮੇਟੀ ਦਾ ਪ੍ਰਧਾਨ ਸੰਤ ਚੰਨਣ ਸਿੰਘ, ਜਥੇਦਾਰ ਉਮਰਾਨੰਗਲ, ਜਥੇਦਾਰ ਤਲਵੰਡੀ ਤੇ ਤਿੰਨ ਹੋਰ ਉੱਘੇ ਅਕਾਲੀ ਜਥੇਦਾਰ ਅਕਾਲ ਤਖਤ ਉਤੇ ਸ਼ਹੀਦੀਆਂ ਦਾ ਝੂਠਾ ਨਾਟਕ ਖੇਡ ਕੇ ਅਰਦਾਸਾਂ ਭੰਗ ਕਰਕੇ ਸ਼ਹੀਦੀ ਤੋਂ ਭਗੌੜੇ ਨਹੀਂ ਸੀ ਹੋ ਗਏ ? ਕੀ ਅਕਾਲੀ ਦਲ ਦੇ ਪ੍ਰਧਾਨ ਤੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦਸੰਬਰ 1966 ਵਿਚ ਅਕਾਲ ਤਖਤ ਦੇ ਉੱਪਰ ਝੂਠੀਆਂ ਮੜ੍ਹੀਆਂ (ਅਗਨ ਕੁੰਡ) ਬਣਾ ਕੇ ਅਕਾਲ ਤਖਤ ਦੀ ਪਵਿਤਰਤਾ ਭੰਗ ਕਰਨ ਦਾ ਬਜਰ ਪਾਪ ਨਹੀਂ ਸੀ ਕੀਤਾ ? ਤੇ ਕੀ ਇਸ ਬਜਰ ਪਾਪ ਵਿਰੁੱਧ ਕਿਸੇ ਤਖਤਾਂ ਦੇ ਜਥੇਦਾਰਾਂ ਤੇ ਹੈਡਗਰੰਥੀਆਂ ਨੇ ਅਵਾਜ਼ ਉਠਾਈ ਜਾਂ ਬਤੌਰ ਪ੍ਰੋਟੈਸਟ ਨੌਕਰੀ ਤੋਂ ਅਸਤੀਫਾ ਦਿੱਤਾ ? ਅਕਾਲੀ ਦਲ ਦੇ ਪ੍ਰਧਾਨ, ਸ਼ਰੋਮਣੀ ਕਮੇਟੀ ਦੇ ਪਰਧਾਨ ਅਤੇ ਸ਼ਰੋਮਣੀ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਅਰਦਾਸਾਂ ਭੰਗ ਕਰਨ ਤੇ ਸ਼ਹੀਦੀਆਂ ਤੋਂ ਭਗੌੜੇ ਹੋਣ ਦਾ ਔਖ ਮਨਾ ਕੇ ਜਦ ਇਕ ਸਿਦਕੀ ਤੇ ਹਠੀ ਸਿੱਖ ਸ. ਦਰਸ਼ਨ ਸਿੰਘ ਫੇਰੂਮਾਨ ਨੇ ਸਿੱਖ ਅਰਦਾਸ ਨੂੰ ਲਾਇਆ ਕਲੰਕ ਧੋਣ ਲਈ ਤੇ ਅਰਦਾਸ ਦੀ ਮਹਾਨਤਾ ਕਾਇਮ ਕਰਨ ਲਈ ਸ਼ਹੀਦੀ ਦੇਣੀ ਚਾਹੀ ਤਾਂ ਅਕਾਲੀ ਦਲ ਦੇ ਪ੍ਰਧਾਨ ਤੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਨੇ ਅਕਾਲੀ ਚੀਫ ਮਨਿਸਟਰ ਨੂੰ ਕਹਿ ਕੇ ਫੇਰੂਮਾਨ ਨੂੰ ਕੈਦ ਕਰਵਾ ਦਿੱਤਾ ਤੇ 74 ਦਿਣ ਪਲ ਪਲ ਸੁਆਸ ਸੁਆਸ ਘਟ ਕੇ ਉਸ ਨੇ ਅਕਾਲੀ ਸੁਕਾਰ ਦੀ ਕੈਦ ਵਿਚ ਸ਼ਹੀਦੀ ਦਿੱਤੀ, ਕੀ ਕਿਸੇ ਤਖਤਾਂ ਤੇ ਜਥੇਦਾਰ ਤੇ ਹੈਡਗਰੰਥੀ ਨੇ ਸ਼ਹੀਦ ਦੇ ਹੱਕ ਵਿਚ ਤੇ ਅਕਾਲੀ ਸੁਕਾਰ ਦੇ ਵਿਰੁੱਧ ਕੋਈ ਆਵਾਜ਼ ਉਠਾਈ ? ਜਦ ਅਕਾਲੀ ਦਲ ਦੇ ਪ੍ਰਧਾਨ, ਸ਼ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਅਕਾਲ ਤਖਤ ਦੇ ਉਪਰ 30 ਜਨਵਰੀ 1970 ਨੂੰ ਸਿੱਖੀ ਤੇ ਪੰਜਾਬ ਮਾਰੂ ਸਰਵ ਸੰਮਤੀ ਦਾ ਮਤਾ ਪਾਸ ਕਰਕੇ ਫਾਜ਼ਲਿਕਾ ਅਬੋਹਰ ਤੇ 114 ਪਿੰਡ ਪੰਜਾਬੀ ਸੂਬੇ ਚੋਂ ਕੱਢ ਕੇ ਹਰਿਆਣੇ ਨੂੰ ਦੇਣੇ ਮੰਨੇ ਤਾਂ ਕੀ ਕਿਸੇ ਤਖਤਾਂ ਦੇ ਜਥੇਦਾਰਾਂ ਅਤੇ ਹੈਡਗਰੰਥੀਆਂ ਨੇ ਇਸ ਉਤੇ ਇਤਰਾਜ਼ ਕੀਤਾ। ਅਵਾਜ਼ ਉਠਾਈ ਕਿ ਇਹ ਸਿੱਖੀ ਤੇ ਪੰਜਾਬ ਮਾਰੂ ਫੈਸਲਾ ਨਾ ਕਰੋ ? ਇਸ ਨਾਲ ਸਿੱਖ ਕੌਮ ਦੇ ਹਿਤਾਂ ਦਾ ਖੂਨ ਹੋਵੇਗਾ।

1973 ਤੋਂ ਟੌਹੜਾ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਬਣ ਗਿਆ ਜਿਵੇਂ ਸੰਤ ਫਤਹਿ ਸਿੰਘ ਤੇ ਸੰਤ ਚੰਨਣ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਆਸੇ ਦੇ ਵਿਰੁੱਧ ਬਿਪਰਨ ਕੀ ਰੀਤ ਅਪਨਾਈ ਸੀ ਉਹੋ ਬਿਪਰਨ ਕੀ ਰੀਤ ਟੌਹੜੇ ਨੇ ਵੀ ਅਪਨਾਈ ਤੇ ਵਿਟਕੂ ਜਨਸੰਘੀ ਹਿੰਦੂ ਰਾਹੀਂ ਸਿੱਖੀ ਪ੍ਰਫੁੱਲਤ ਕਰਨ ਦਾ ਦੋਬਾਰਾ ਤਜਰਬਾ ਸ਼ੁਰੂ ਕੀਤਾ। ਜਨ-ਸੰਘੀ ਹਿੰਦੂ ਨੂੰ ਖੁਸ਼ ਕਰਨ ਲਈ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਕਾਲੀ ਦਲ ਦੇ ਪ੍ਰਧਾਨ ਨੇ ਐਮਰਜੈਂਸੀ ਵਿਰੁੱਧ 1975 ਵਿਚ ਮੋਰਚਾ ਲਾਇਆ। ਜਦ ਜਨਸੰਘੀ



Digitized by Panjab Digital Library | www.panjabdigilib.org

ਜਨਤਾ ਪਾਰਟੀ 1977 ਵਿਚ ਹਿੰਦ ਸੁਕਾਰ ਉਤੇ ਕਾਬਜ਼ ਹੋ ਗਈ ਤੇ ਸਾਰੇ ਅਕਾਲੀ ਲੀਡਰ ਲੋਕ ਸਭਾ ਦੇ ਮੈਂਬਰ ਬਣਾ ਦਿਤੇ। ਬਾਦਲ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ ਤਾਂ ਜਨਸੰਘੀ ਜ਼ਹਿਨੀਅਤ ਨੇ ਆਪਣਾ ਸਿੱਖ ਦੁਸ਼ਮਣੀ ਦਾ ਝੱਸ ਪੂਰਾ ਕਰਨ ਲਈ ਵੈਸਾਖੀ 1978 ਵਾਲੇ ਦਿਨ ਅੰਮ੍ਰਿਤਸਰ ਸਿੱਖੀ ਦੇ ਗੜ੍ਹ ਅੰਦਰ ਨਿਰੰਕਾਰੀਆਂ ਦੇ ਹੱਥੋਂ 13 ਅੰਮ੍ਰਿਤਧਾਰੀ ਸਿੰਘਾਂ ਦੇ ਕਤਲ ਕਰਵਾ ਦਿੱਤੇ। ਇਸ ਤੇ ਵੀ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਸਿੱਖ ਕੌਮ ਨੂੰ ਫਿਰਕੂ ਜਨਸੰਘ ਤੋਂ ਵੱਖਰੇ ਹੋਣ ਦੀ ਕਾਲ ਨਾ ਦੇ ਸਕਿਆ। 1979 ਦੀਆਂ ਗੁਰਦਵਾਰਾ ਚੋਣਾਂ ਪਿਛੋਂ ਫਿਰ ਟੌਹੜਾ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਬਣਿਆ। ਉਸ ਦੀ ਖਾਹਿਸ਼ ਮੁੱਖ ਮੰਤਰੀ ਬਣਨ ਦੀ ਸੀ। 1979 ਵਿਚ ਹੀ ਟੌਹੜੇ ਨੇ ਬਾਦਲ ਦਾ ਵਿਰੋਧ ਜ਼ੋਰਾਂ ਤੇ ਕਰਨਾ ਸ਼ੁਰੂ ਕਰ ਦਿੱਤਾ। ਤੇ ਬਾਦਲ ਸੁਕਾਰ ਖਤਮ ਕਰਵਾਉਣ ਲਈ ਕਾਂਗਰਸ ਹਾਈ ਕਮਾਂਡ ਨਾਲ ਵੀ ਨੇੜ ਕਰਦਾ ਰਿਹਾ। ਜਦ ਇੰਦਰਾ ਦੋਬਾਰਾ ਪ੍ਰਧਾਨ ਮੰਤਰੀ ਬਣ ਗਈ ਤਾਂ ਟੌਹੜਾ ਉਸ ਦਾ ਸਬਕ ਵੀ ਲੈਂਦਾ ਰਿਹਾ। ਇੰਦਰਾ ਦੇ ਸਬਕ ਅਨੁਸਾਰ ਹੀ ਟੌਹੜੇ ਨੇ ਭਿੰਡਰਾਂਵਾਲੇ ਪਾਸੋਂ ਦਰਬਾਰ ਸਾਹਿਬ ਸਮੂਹ ਅੰਦਰੋਂ 19 ਜੁਲਾਈ 1982 ਨੂੰ ਧਰਮ ਯੁੱਧ ਮੋਰਚਾ ਆਰੰਭ ਕਰਵਾਇਆ ਤੇ ਇੰਦਰਾ ਦੇ ਸਬਕ ਅਨੁਸਾਰ ਹੀ ਭਿੰਡਰਾਂਵਾਲੇ ਨੂੰ ਲਾਂਭੇ ਕਰਕੇ ਧਰਮ ਯੁੱਧ ਮੋਰਚੇ ਦਾ ਡਿਕਟੇਟਰ ਸੰਤ ਲੌਂਗੋਵਾਲ ਨੂੰ ਬਣਵਾ ਦਿੱਤਾ। ਫਿਰ ਧਰਮ ਯੁੱਧ ਮੋਰਚੇ ਦੇ ਖਾਤਮੇ ਲਈ ਤੇ ਸੰਤ ਭਿੰਡਰਾਂਵਾਲੇ ਨੂੰ ਖਤਮ ਕਰਵਾਉਣ ਲਈ ਟੌਹੜੇ ਨੇ ਹੀ ਅਪਰੇਸ਼ਨ ਬਲਿਊ ਸਟਾਰ ਲਈ ਹਰੀ ਝੰਡੀ ਦਿੱਤੀ। ਜਿਸ ਦੇ ਨਤੀਜੇ ਵਜੋਂ ਦਰਬਾਰ ਸਾਹਿਬ ਤੇ ਅਕਾਲ ਤਖਤ ਦੀ ਤਬਾਹੀ ਹੋਈ, ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਇਆ।

ਸਿੱਖ ਕੌਮ ਤੇ ਸਿੱਖ ਸੰਗਤਾਂ ਨਾਲ ਧੋਖਾ ਕਰਨ ਦਾ ਅਜੀਬ ਪਹਿਲੂ ਇਹ ਸੀ ਕਿ ਮੰਜੀ ਸਾਹਿਬ ਦੀ ਸਟੇਜ ਤੋਂ ਸਦਾ ਹੀ ਟੌਹੜਾ ਤੇ ਲੌਂਗੋਵਾਲ ਸਿੱਖ ਸੰਗਤਾਂ ਨੂੰ ਇਹ ਵਿਸ਼ਵਾਸ਼ ਦਿਵਾਉਂਦੇ ਰਹੇ ਕਿ ਜੇ ਫੌਜ ਨੇ ਕਦੇ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਕਰਨ ਦੀ ਗਲਤੀ ਕੀਤੀ ਤਾਂ ਫੌਜ ਨੂੰ ਟੌਹੜੇ ਤੇ ਲੌਂਗੋਵਾਲ ਦੀਆਂ ਲਾਸ਼ਾਂ ਉਪਰੋਂ ਲੰਘ ਕੇ ਹੀ ਦਰਬਾਰ ਸਾਹਿਬ ਸਮੂਹ ਵਿਚ ਦਾਖਲ ਹੋਣਾ ਪਵੇਗਾ। ਟੌਹੜੇ ਤੇ ਲੌਂਗੋਵਾਲ ਨੇ ਏਥੇ ਹੀ ਬੱਸ ਨਾ ਕੀਤੀ, ਅਕਾਲ ਤਖਤ ਦੇ ਸਾਰੇ ਅਕਾਲੀ ਲੀਡਰਾਂ, ਵਰਕਰਾਂ, ਸ਼ਰੋਮਣੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ, ਤਖਤਾਂ ਦੇ ਜਥੇਦਾਰਾਂ, ਹੈਡਗਰੰਥੀਆਂ, ਗਰੰਥੀਆਂ ਅਤੇ ਅਕਾਲੀਆਂ ਦੇ ਲੱਖਾਂ ਸਹਿਯੋਗੀਆਂ ਤੇ ਹਮਾਇਤੀਆਂ ਪਾਸੋਂ ਲਿਖਤੀ ਪ੍ਰਣ ਪੱਤਰ ਭਰਵਾਏ ਤੇ ਅਰਦਾਸਾਂ ਕਰਵਾਈਆਂ ਕਿ ਜੇ ਸੁਕਾਰ ਨੇ ਦਰਬਾਰ ਸਾਹਿਬ ਅੰਦਰ ਫੌਜੀ ਹਮਲਾ ਕਰਵਾਇਆ ਤਾਂ ਉਹ ਸਭ ਫੌਜ ਨੂੰ ਰੋਕਨ ਲਈ ਸ਼ਹੀਦੀਆਂ ਦੇਣਗੇ ਤੇ ਇਹਨਾਂ ਸਭ ਨੂੰ ਜਿਹਨਾਂ ਨੇ ਸ਼ਹੀਦੀਆਂ ਦੇ ਲਿਖਤੀ ਪ੍ਰਣ ਪੱਤਰ ਭਰੇ ਸੀ ਸਭ ਨੂੰ ਮਰਜੀਵੜਿਆਂ ਦਾ ਨਾਮ ਦਿੱਤਾ। ਕੁਝ ਮਹੀਨੇ ਬੀਤ ਗਏ। 2 ਜੂਨ 1984 ਨੂੰ ਸਵੇਰੇ 4 ਵਜੇ ਫੌਜ ਨੇ ਸਾਰੇ ਪੰਜਾਬ ਅੰਦਰ ਨਕਲੋ ਹਰਕਤ ਸ਼ੁਰੂ ਕਰ ਦਿੱਤੀ। ਤਿੰਨ ਜੂਨ ਸ਼ਾਮ ਤੱਕ ਲੱਖਾਂ



Digitized by Panjab Digital Library | www.panjabdigilib.org

ਦੀ ਗਿਣਤੀ ਵਿਚ ਫ਼ੌਜ ਸਾਰੇ ਪੰਜਾਬ ਵਿਚ ਥਾਓਂ ਥਾਈਂ ਡੇਰੇ ਲਾ ਕੇ ਬਹਿ ਗਈ ਸੀ। ਤਿੰਨ ਜੂਨ ਨੂੰ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ। ਟੌਹੜੇ ਨੇ ਸੰਤ ਲੌਂਗੋਵਾਲ ਪਾਸੋਂ ਸ੍ਰਕਾਰ ਵਿਰੁਧ ਸਿਵਲ ਨਾ ਫੁਰਮਾਨੀ ਦੀ ਕਾਲ ਦਿਵਾਈ ਹੋਈ ਸੀ ਤੇ ਉਸ ਦਾ ਪ੍ਰੋਗਰਾਮ ਉਲੀਕਣ ਲਈ 3 ਜੂਨ ਨੂੰ ਹੀ ਮੀਟਿੰਗ ਵੀ ਸ਼ਰੋਮਣੀ ਕਮੇਟੀ ਦੇ ਦਫਤਰ ਵਿਚ ਹੀ ਬੁਲਾਈ ਹੋਈ ਸੀ। ਗੁਰਪੁਰਬ ਵਾਲੇ ਦਿਨ ਧਰਮ ਯੁੱਧ ਮੋਰਚੇ ਲਈ ਜਥਾ ਵੀ ਭਾਰੀ ਗਿਣਤੀ ਦਾ ਭੇਜਣਾ ਸੀ। ਸਿਵਲ ਨਾ ਫੁਰਮਾਨੀ ਬਾਰੇ ਮੀਟਿੰਗ ਵਿਚ ਸ਼ਾਮਲ ਹੋਣ ਲਈ ਸਾਰੇ ਉੱਘੇ ਅਕਾਲੀ ਲੀਡਰ ਅਮਰਿਤਸਰ ਪੁੱਜੇ ਹੋਏ ਸੀ। ਪਰ ਇਹ 11 ਵਜੇ ਰਸਮੀ ਮੀਟਿੰਗ ਕਰਕੇ ਹੀ ਸਭ ਦਰਬਾਰ ਸਾਹਿਬ ਸਮੂਹ ਅਤੇ ਅਮਰਿਤਸਰ ਚੋਂ ਤੁਰਤ ਬਾਹਰ ਚਲੇ ਗਏ ਕਿਉਂਕਿ ਫੌਜੀ ਨਕਲੋ ਹਰਕਤ ਤੋਂ ਇਹ ਅਨੁਭਵ ਕਰਦੇ ਸੀ ਕਿ ਕਿਸੇ ਵੇਲੇ ਵੀ ਫੌਜੀ ਹਮਲਾ ਹੋ ਸਕਦਾ ਹੈ। ਇਹ ਸਾਰੇ ਲੀਡਰ ਉਹ ਹੀ ਸਨ ਜਿਨ੍ਹਾਂ ਨੇ ਅਕਾਲ ਤਖਤ ਉੱਤੇ ਲਿਖਤੀ ਪ੍ਰਣ ਪੱਤਰ ਭਰੇ ਹੋਏ ਸੀ ਕਿ ਫੌਜੀ ਹਮਲਾ ਹੋਣ ਤੇ ਉਹ ਸ਼ਹੀਦੀਆਂ ਦੇਣਗੇ, ਉਚੇਚਾ ਕਿਸੇ ਨੇ ਕੀ ਆਉਣਾ ਸੀ ਆਏ ਹੋਏ ਵੀ ਵਾਪਸ ਭੱਜ ਗਏ ਤਿੰਨ ਵਜੇ ਬਾਅਦ ਦੋਪਹਿਰ 3 ਜੂਨ ਨੂੰ ਅੰਮ੍ਰਿਤਸਰ ਅੰਦਰ ਕਰਫਿਊ ਲਾ ਦਿੱਤਾ ਗਿਆ। ਗੁਰਪੁਰਬ ਵੇਖਣ ਆਈਆਂ ਸੰਗਤਾਂ ਜਿਨ੍ਹਾਂ ਵਿਚ ਮਰਦ, ਇਸਤਰੀਆਂ ਤੇ ਬੱਚੇ ਸ਼ਾਮਲ ਸਨ, ਕਰਫਿਊ ਲੱਗ ਜਾਣ ਕਾਰਨ ਦਰਬਾਰ ਸਾਹਿਬ ਸਮੂਹ ਵਿਚ ਹੀ ਘਿਰ ਗਏ।

4 ਜੂਨ 1984 ਨੂੰ ਸਵੇਰੇ 4 ਵਜੇ ਫੌਜੀ ਹਮਲਾ ਸ਼ੁਰੂ ਹੋਇਆ। ਟੌਹੜਾ ਤੇ ਲੌਂਗੋਵਾਲ ਦੋਵੇਂ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਮੌਜੂਦ ਸਨ। ਇਹ ਦੋਵੇਂ ਜੋ ਦੋ ਸਾਲ ਮੰਜੀ ਸਾਹਿਬ ਦੀ ਸਟੇਜ ਤੋਂ ਸਦਾ ਗੁਰੂ ਗਰੰਥ ਦੀ ਹਜ਼ੂਰੀ ਵਿਚ ਸਿੱਖ ਸੰਗਤਾਂ ਨੂੰ ਇਹ ਹੀ ਕਹਿੰਦੇ ਰਹੇ ਸੀ ਕਿ ਜੇ ਕਦੇ ਫੌਜ ਨੇ ਦਰਬਾਰ ਸਾਹਿਬ ਅੰਦਰ ਦਾਖਲ ਹੋਣ ਦਾ ਯਤਨ ਕੀਤਾ ਤਾਂ ਫੌਜ ਨੂੰ ਉਹਨਾਂ ਦੀਆਂ ਲਾਸ਼ਾਂ ਉਪਰੋਂ ਲੰਘ ਕੇ ਹੀ ਜਾਣਾ ਪਵੇਗਾ। ਪਰ ਜਦ ਹਮਲਾ ਹੋਇਆ ਤਾਂ ਇਹ ਦੋਵੇਂ ਸੁੱਸਰੀ ਵਾਂਗ ਸੌਂ ਗਏ, ਇਹ ਕਮਰਿਆਂ ਅੰਦਰ ਦੱੜ ਕੇ ਬਹਿ ਗਏ। ਫੌਜ ਨੂੰ ਰੋਕਣਾ ਤਾਂ ਕਿਧਰੇ ਇਹਨਾਂ ਨੇ ਬਾਹਰ ਨਿਕਲ ਕੇ ਇਹ ਵੀ ਨਾ ਕਿਹਾ, ਭਾਈ ਅੰਦਰ ਦਾਖਲ ਹੋਣ ਦੀ ਤੁਹਾਨੂੰ ਕੀ ਲੋੜ ਪਈ ਹੈ, ਸਾਡੇ ਨਾਲ ਗੱਲ ਕਰੋ, ਅਸੀਂ ਦਰਬਾਰ ਸਾਹਿਬ ਦੇ ਕਸਟੋਡੀਅਨ ਹਾਂ। ਇਹ 4 ਤੋਂ 6 ਜੂਨ ਤੱਕ ਭਾਵ 3 ਦਿਨ ਤੇ 2 ਰਾਤਾਂ ਦਰਬਾਰ ਸਾਹਿਬ ਤੇ ਅਕਾਲ ਤਖਤ ਦੀ ਤਬਾਹੀ ਹੁੰਦੀ ਆਪਣੇ ਅੱਖੀਂ ਵੇਖਦੇ ਰਹੇ। ਹਜ਼ਾਰਾਂ ਸਿੱਖਾਂ ਨੂੰ ਫੌਜੀਆਂ ਦੇ ਹੱਥੋਂ ਮਰਦੇ ਵੇਖਦੇ ਰਹੇ। ਪਰ ਇਹ ਦੋਵੇਂ ਕਾਇਰ ਤੇ ਕੁੜਿਆਰ ਆਪ ਸ਼ਹੀਦੀ ਦੇ ਕੇ ਆਪਣੀਆਂ ਸ਼ਹੀਦੀ ਦੀਆਂ ਕੀਤੀਆਂ ਅਰਦਾਸਾਂ, ਲਿਖਤੀ ਪ੍ਰਣ ਪੱਤਰ ਤੇ ਮੰਜੀ ਸਾਹਿਬ ਤੇ ਕੀਤੇ ਬਚਨਾਂ ਦਾ ਪਾਲਣ ਨਾ ਕਰ ਸਕੇ। ਕੁਝ ਸੂਝਵਾਨਾਂ ਦਾ ਕਹਿਣਾ ਹੈ ਕਿ ਹਿੰਦ ਸ੍ਰਕਾਰ ਵਲੋਂ ਫੌਜੀਆਂ ਨੂੰ ਇਹ ਹਦਾਇਤ ਸੀ ਕਿ ਟੌਹੜੇ ਤੇ ਲੌਂਗੋਵਾਲ ਨੂੰ ਬਚਾ ਕੇ ਰੱਖਣਾ ਹੈ ਕਿਉਂਕਿ ਇਹਨਾਂ



Digitized by Panjab Digital Library | www.panjabdigilib.org

ਰਾਹੀਂ ਹੀ ਸਿੱਖਾਂ ਦੇ ਭੜਕੇ ਹੋਏ ਜਜ਼ਬਾਤ ਠੰਡੇ ਕਰਨੇ ਹਨ ਤੇ ਏਸੇ ਹਦਾਇਤ ਅਨੁਸਾਰ ਫੌਜੀਆਂ ਨੇ ਜਿਥੇ ਇਹ ਦੜੇ ਬੈਠੇ ਸਨ ਓਧਰ ਕੋਈ ਗੋਲੇ ਨਾ ਸੁੱਟੇ ਕੋਈ ਹਮਲਾ ਨਾ ਕੀਤਾ । ਜਦ ਸਾਰੀ ਤਬਾਹੀ ਕਰ ਲਈ ਹਜ਼ਾਰਾਂ ਨਿਰਦੋਸ਼ ਸਿੱਖ, ਸਿੱਖਣੀਆਂ ਤੇ ਬੱਚੇ ਕਤਲ ਕਰ ਲਏ ਤਾਂ ਉਸ ਹਦਾਇਤ ਅਨੁਸਾਰ ਫੌਜੀ ਅਫਸਰ ਫੌਜੀ ਗੱਡੀਆਂ ਲੈ ਕੇ ਮਰਜੀਵੜਿਆਂ ਦੇ ਜਰਨੈਲਾਂ ਟੌਹੜੇ ਤੇ ਲੌਂਗੋਵਾਲ ਅਤੇ ਉਹਨਾਂ ਦੇ ਖਾਸ ਇਤਬਾਰੀਆਂ ਨੂੰ ਸੁਰੱਖਿਅਤ ਤੌਰ ਤੇ ਬਾਹਰ ਲੈ ਜਾਣ ਲਈ ਆ ਪੁੱਜੇ । ਇਹ ਉਹਨਾਂ ਦੀ ਉਡੀਕ ਵਿਚ ਸਨ । ਫੌਜੀ ਅਫਸਰਾਂ ਨੇ ਟੌਹੜੇ ਤੇ ਲੌਂਗੋਵਾਲ ਨੂੰ ਕਿਹਾ ਕਿ ਅਸੀਂ ਉਪਰਲੇ ਹੁਕਮ ਅਨੁਸਾਰ ਤੁਹਾਨੂੰ ਏਥੋਂ ਬਾਹਰ ਕੱਢਣ ਆਏ ਹਾਂ, ਛੇਤੀ ਕਰੋ ਤੇ ਆਪਣੇ ਖਾਸ ਆਦਮੀਆਂ ਸਮੇਤ ਸਾਹਮਣੇ ਬਾਹਰ ਖੜੀਆਂ ਫੌਜੀ ਗੱਡੀਆਂ ਵਿਚ ਬੈਠ ਜਾਓ । ਨਾਲ ਹੀ ਹੁਕਮ ਦਿੱਤਾ ਕਿ ਸਭ ਬਾਹਾਂ ਖੜੀਆਂ ਕਰਕੇ ਗੱਡੀਆਂ ਵੱਲ ਜਾਓ, ਜੇ ਕੋਈ ਰਿਵਾਲਵਰ ਜਾਂ ਹਥਿਆਰ ਹੈ ਤਾਂ ਦੇ ਦਿਓ । ਇਹਨਾਂ ਆਪਣੇ ਹਥਿਆਰ ਦੇ ਦਿਤੇ ਤੇ ਬਾਹਾਂ ਖੜੀਆਂ ਕਰਕੇ ਫੌਜੀ ਗੱਡੀਆਂ ਵੱਲ ਚੱਲ ਪਏ । ਰਸਤੇ ਵਿਚ ਸੜਕ ਉਤੇ ਸ਼ਹੀਦ ਕੀਤੇ ਗਏ ਸਿੱਖਾਂ ਦੀਆਂ ਸੈਂਕੜੇ ਲਾਸ਼ਾਂ ਸਨ, ਟੌਹੜਾ ਲੌਂਗੋਵਾਲ ਅਤੇ ਉਹਨਾਂ ਦੇ ਸਾਥੀ ਸਣੇ ਜੁੱਤੀਆਂ ਸ਼ਹੀਦ ਸਿੱਖਾਂ ਦੀਆਂ ਲਾਸ਼ਾਂ ਤੋਂ ਲੰਘ ਕੇ ਫੌਜੀ ਗੱਡੀਆਂ ਵਿਚ ਜਾ ਬੈਠੇ ।

ਹਾਲਾਤ ਦੀ ਸਿਤਮ ਜਰੀਫੀ ਵੇਖੋ । ਸ਼ਰੋਮਣੀ ਕਮੇਟੀ ਦਾ ਪ੍ਰਧਾਨ ਅਤੇ ਅਕਾਲੀ ਦਲ ਦਾ ਪ੍ਰਧਾਨ ਜੋ ਆਪਣੇ ਆਪ ਨੂੰ ਖਾਲਸਾ ਪੰਥ ਦੇ ਥੋਕ ਦੇ ਠੇਕੇਦਾਰ ਪ੍ਰਚਾਰਦੇ ਸਨ ਜੋ ਦੋ ਸਾਲ ਮੰਜੀ ਸਾਹਿਬ ਦੀ ਸਟੇਜ ਤੋਂ ਦਮਗਜੇ ਮਾਰਦੇ ਰਹੇ ਕਿ ਜੇ ਫੌਜ ਨੇ ਹਮਲਾ ਕੀਤਾ ਤਾਂ ਫੌਜ ਨੂੰ ਉਹਨਾਂ ਦੀਆਂ ਲਾਸ਼ਾਂ ਉਪਰੋਂ ਲੰਘਣਾ ਪਵੇਗਾ । ਜਦ ਹਮਲਾ ਹੋਇਆ ਤਾਂ ਉਹ ਆਪਣੇ ਵਚਨਾਂ ਦਾ ਪਾਲਣ ਨਾ ਕਰ ਸਕੇ, ਖਾਲਸਾ ਧਰਮ ਦੀ ਸਭ ਤੋਂ ਵੱਡੀ ਅਖੌਤੀ ਧਾਰਮਿਕ ਜਥੇਬੰਦੀ (ਸਿੱਖ ਪਾਰਲੀਮੈਂਟ) ਦਾ ਪ੍ਰਧਾਨ ਅਤੇ ਸਰਦਾਰੇ ਆਜ਼ਮ ਅਖਵਾਉਣ ਵਾਲਾ ਡਿਕਟੇਟਰ ਧਰਮ ਯੁੱਧ ਮੋਰਚਾ ਖਾਲਸਾ ਧਰਮ ਦੀਆਂ ਸਾਰੀਆਂ ਕਦਰਾਂ ਕੀਮਤਾਂ ਅਤੇ ਰਵਾਇਤਾਂ ਦਾ ਖੂਨ ਕਰਕੇ ਬਾਹਾਂ ਖੜੀਆਂ ਕਰਕੇ ਸ਼ਸਤਰ ਫੌਜੀਆਂ ਨੂੰ ਦੇ ਕੇ ਸ਼ਹੀਦ ਸਿੱਖਾਂ ਦੀਆਂ ਲਾਸ਼ਾਂ ਉਪਰੋਂ ਲੰਘ ਕੇ ਫੌਜੀ ਗੱਡੀਆਂ ਵਿਚ ਬਹਿ ਕੇ ਜਾਨਾਂ ਬਚਾ ਗਏ । ਇਹਨਾਂ ਨਾਲ ਬਾਹਾਂ ਖੜੀਆਂ ਕਰਕੇ ਨਿਕਲਣ ਵਾਲਿਆਂ ਵਿਚ ਅਬਨਾਸ਼ੀ ਸਿੰਘ, ਭਾਨ ਸਿੰਘ, ਹਰਮਿੰਦਰ ਸਿੰਘ ਸੰਧੂ, ਭਾਈ ਮਨਜੀਤ ਸਿੰਘ ਤੇ ਕਈ ਹੋਰ ਉੱਘੇ ਅਕਾਲੀ ਲੀਡਰ ਤੇ ਸਿੱਖ ਨੌਜਵਾਨ ਵੀ ਸਨ । ਅਜੇਹਾ ਕਰਕੇ ਜਾਨਾਂ ਤਾਂ ਇਹ ਬਚਾ ਗਏ ਪਰ ਸਿੱਖੀ ਤੇ ਸਿੱਖ ਇਤਿਹਾਸ ਨੂੰ ਜੋ ਕਲੰਕ ਲਾ ਗਏ ਉਹ ਕਦੇ ਧੋਤਾ ਨਹੀਂ ਜਾ ਸਕੇਗਾ । ਇਤਿਹਾਸਕਾਰਾਂ ਨੂੰ ਇਹ ਲਿਖਣੋਂ ਕੋਈ ਰੋਕ ਨਹੀਂ ਸਕੇਗਾ । ਕਿ ਵੀਹਵੀਂ ਸਦੀ ਦੇ ਪਿਛਲੇ 4 ਦਹਾਕਿਆਂ ਦੇ ਸਿੱਖ ਤੇ ਅਕਾਲੀ ਲੀਡਰ ਕਾਇਰ ਤੇ ਕੂੜਿਆਰ ਸਨ, ਸ਼ਹੀਦੀਆਂ ਤੋਂ ਭਗੌੜੇ ਸਨ । ਅਰਦਾਸਾਂ ਤੇ ਵਚਨਾਂ ਦਾ ਪਾਲਣ ਕਰਨ



Digitized by Panjab Digital Library | www.panjabdigilib.org

ਦੇ ਅਸਮਰੱਥ ਸਨ । ਇਹ ਅਜੇਹਾ ਕਲੰਕ ਹੈ ਜੋ ਕਿਸੇ ਪੁਰਸ਼ ਦੇ ਮੱਥੇ ਲੱਗਦਾ ਹੋਵੇ ਤਾਂ ਉਹ ਗੁਰੂ ਨਾਨਕ ਦਾ ਸਿੱਖ ਅਤੇ ਗੁਰੂ ਨਾਨਕ ਦਾ ਸਿੱਖ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਤੇ ਸਿੰਘ ਮੰਨਿਆ ਹੀ ਨਹੀਂ ਜਾ ਸਕਦਾ । ਇਹ ਕਾਲੀ ਕਰਤੂਤ ਤਾਂ ਟੌਹੜੇ, ਲੌਂਗੋਵਾਲ ਤੇ ਉਹਨਾਂ ਦੇ ਨੇੜੂਆਂ ਦੀ ਸੀ । ਬਾਕੀ ਲੱਖ ਸਵਾ ਲੱਖ ਅਕਾਲੀ ਲੀਡਰ, ਵਰਕਰ, ਤਖਤਾਂ ਦੇ ਜਥੇਦਾਰ, ਹੈਡਗਰੰਥੀ, ਗਰੰਥੀ ਅਤੇ ਅਕਾਲੀਆਂ ਦੇ ਸਾਰੇ ਹਮਾਇਤੀ ਤੇ ਸਹਿਯੋਗੀ ਜਿਨ੍ਹਾਂ ਨੇ ਅਕਾਲ ਤਖਤ ਤੇ ਲਿਖਤੀ ਪ੍ਰਣ ਕੀਤਾ ਸੀ ਕਿ ਉਹ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਹੋਣ ਸਮੇਂ ਸ਼ਹੀਦੀਆਂ ਦੇਣਗੇ । ਤਿੰਨ ਦਿਨ ਹਮਲਾ ਜਾਰੀ ਰਿਹਾ । ਉਹਨਾਂ ਮਰਜੀਵੜਿਆਂ ਵਿਚੋਂ ਵੀ ਕੋਈ ਸ਼ਹੀਦੀ ਦੇਣ ਲਈ ਅੱਗੇ ਨਾ ਆਇਆ ।

ਜਥੇਦਾਰ ਅਕਾਲ ਤਖਤ ਤੇ ਹੈਡਗਰੰਥੀ ਸ੍ਰੀ ਦਰਬਾਰ ਸਾਹਿਬ ਦੀ ਡਿਊਟੀ ਹੁੰਦੀ ਹੈ ਕਿ ਉਹ ਅੰਮ੍ਰਿਤ ਵੇਲੇ ਦਰਬਾਰ ਸਾਹਿਬ ਅੰਦਰ ਮੌਜੂਦ ਹੋਣ । 4 ਜੂਨ 1984 ਨੂੰ ਗਿਆਨੀ ਕ੍ਰਿਪਾਲ ਸਿੰਘ ਤੇ ਭਾਈ ਸਾਹਿਬ ਸਿੰਘ ਫੌਜੀ ਹਮਲਾ ਸ਼ੁਰੂ ਹੋਣ ਤੋਂ ਪਹਿਲਾਂ ਸ੍ਰੀ ਹਰਮੰਦਰ ਸਾਹਿਬ ਵਿਖੇ ਪੁੱਜ ਚੁਕੇ ਹੋਏ ਸੀ । ਸਵਾ 4 ਵਜੇ ਸਵੇਰੇ ਪਹਿਲੀ ਫਾਇਰਿੰਗ ਹੋਈ, ਇਹ ਦੋਵੇਂ ਸਿਰ ਤੇ ਪੈਰ ਰੱਖ ਕੇ ਭੱਜ ਗਏ । ਤੋਪਾਂ ਦੇ ਗੋਲੇ ਵਰ੍ਹਨੇ ਸ਼ੁਰੂ ਹੋ ਗਏ ਸੀ । ਇਹ ਆਪਣੇ ਆਪ ਨੂੰ ਸੁਪਰੀਮ ਪ੍ਰਚਾਰਨ ਵਾਲੇ ਕਾਗਜ਼ੀ ਪਹਿਲਵਾਨ ਉਸ ਗੁਰੂ ਤੇ ਗੁਰੂ ਘਰ ਨੂੰ ਔਕੜ ਵਿਚ ਫਸਿਆ ਛੱਡ ਕੇ, ਕੰਡ ਦੇ ਕੇ ਆਪਣੀਆਂ ਜਾਨਾਂ ਬਚਾ ਗਏ । ਗੁਰੂ (ਗੁਰੂ ਗਰੰਥ) ਅਤੇ ਗੁਰੂ ਘਰ (ਦਰਬਾਰ ਸਾਹਿਬ ਤੇ ਅਕਾਲ ਤਖਤ) ਦੀ ਰਖਿਆ ਤੋਂ ਮੁਨਕਰ ਹੋ ਗਏ ਉਨ੍ਹਾਂ ਨਾਲ ਸ਼ਹੀਦੀਆਂ ਨਾ ਦੇ ਸਕੇ, ਸੁਪਰੀਮ ਤਾਂ ਇਹ ਆਪਣੇ ਮੂੰਹੋਂ ਬਣਦੇ ਸੀ ਜਾਂ ਅੰਧਵਿਸ਼ਵਾਸੀ ਵਿਚ ਫਸੇ ਸਿੱਖ ਇਹਨਾਂ ਨੂੰ ਸੁਪਰੀਮ ਮੰਨਦੇ ਸੀ ਪਰ ਜਦ ਫੌਜੀ ਹਮਲੇ ਸਮੇਂ ਇਹਨਾਂ ਦੀ ਪਰਖ ਹੋਈ ਤਾਂ ਇਹ ਵੀ ਕਾਇਰ ਤੇ ਮੂਜੀ ਸਿੱਧ ਹੋਏ । ਇਹ 7 ਜੂਨ ਤੱਕ ਗਲੀਆਂ ਮੁਹੱਲਿਆਂ ਵਿਚ ਆਪਣੇ ਘਰ ਛੱਡ ਕੇ ਦੂਜਿਆਂ ਦੇ ਘਰਾਂ ਵਿਚ ਲੁਕੇ ਰਹੇ । ਟੌਹੜੇ ਦੇ ਸਲਾਹ ਦੇਣ ਤੇ ਫੌਜੀਆਂ ਨੇ 7 ਜੂਨ ਨੂੰ ਉਹਨਾਂ ਦੀ ਭਾਲ ਕਰਕੇ ਉਹਨਾਂ ਨੂੰ ਲੱਭਾ ਤੇ ਜੋ ਮੁਹਾਰਨੀ ਟੌਹੜੇ ਨੇ ਲਿਖ ਕੇ ਭੇਜੀ ਹੋਈ ਸੀ ਉਹ ਗਿਆਨੀ ਕ੍ਰਿਪਾਲ ਸਿੰਘ ਜਥੇਦਾਰ ਅਕਾਲ ਤਖਤ ਨੇ ਰੇਡੀਓ ਤੇ ਟੀ ਵੀ ਤੇ ਬੋਲਣੀ ਸ਼ੁਰੂ ਕਰ ਦਿੱਤੀ । ਅਜੇਹਾ ਕਰਨਾ ਵੀ ਸ੍ਰਕਾਰ ਦੀ ਬੋਲੀ ਬੋਲਨਾ ਸੀ ਤੇ ਸਿੱਖਾਂ ਨੂੰ ਗੁਮਰਾਹ ਕਰਨਾ ਸੀ । ਇਸ ਦੀ ਸਫਾਈ ਗਿਆਨੀ ਕ੍ਰਿਪਾਲ ਸਿੰਘ ਦੇ ਨਹੀਂ ਸੀ ਸਕਦਾ ਮੈਂ 1985 ਵਿਚ ਗਿਆਨੀ ਕ੍ਰਿਪਾਲ ਸਿੰਘ ਨੂੰ ਪੁੱਛਿਆ ਕਿ ਤੁਸੀਂ ਇਹ ਕੌਮ ਨੂੰ ਗੁਮਰਾਹ ਕਰਨ ਦਾ ਪਾਪ ਕਿਉਂ ਕਮਾਇਆ ? ਤਾਂ ਗਿਆਨੀ ਨੇ ਕਿਹਾ ਭੁਲੇਰ ਜੀ, ਮੈਂ ਟੌਹੜੇ ਦਾ ਮਾਤੈਹਤ ਮੁਲਾਜ਼ਮ ਸਾਂ, ਜਦ ਟੌਹੜੇ ਨੇ ਲਿਖ ਕੇ ਭੇਜ ਦਿੱਤਾ ਕਿ ਇਹ ਕਹਿਣਾ ਹੈ ਤਾਂ ਮੈਂ ਇਨਕਾਰ ਕਿਵੇਂ ਕਰ ਸਕਦਾ ਸੀ ? ਦੂਜੇ ਪਾਸੇ ਫੌਜੀਆਂ ਦਾ ਡਰ ਸੀ । ਇਸ ਲਈ ਮੈਂ ਮਜਬੂਰ ਸਾਂ,



Digitized by Panjab Digital Library | www.panjabdigilib.org

ਇਸ ਨੂੰ ਹਾਲਾਤ ਦਾ ਤਕਾਜ਼ਾ ਸਮਝੋ, ਮੇਰੀ ਕਮਜ਼ੋਰੀ ਸਮਝੋ, ਮੇਰੀ ਮਜ਼ਬੂਰੀ ਸਮਝੋ। ਮੇਰਾ ਇਹ ਹੀ ਸਪੱਸ਼ਟੀ ਕਰਨ ਹੈ ਵੈਸੇ ਵੀ ਜਿੰਨਾ ਸਮਾਂ ਮੈਂ ਸ਼ਰੋਮਣੀ ਕਮੇਟੀ ਦੀ ਨੌਕਰੀ ਕਰਾਂਗਾ, ਟੌਹੜਾ ਸਾਹਿਬ ਜੋ ਪ੍ਰਧਾਨ ਹਨ ਉਹਨਾਂ ਦਾ ਹੁਕਮ ਮੈਨੂੰ ਮੰਨਣਾ ਹੀ ਪਵੇਗਾ।

ਸ਼ਰੋਮਣੀ ਕਮੇਟੀ ਦੇ ਦਾਇਰੇ ਅੰਦਰ ਆਉਂਦੇ ਬਾਕੀ ਦੇ ਤਖਤਾਂ, ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰਾਂ ਅਤੇ ਹੈਡਗਰੰਥੀਆਂ ਨੇ ਵੀ ਮਰਜੀਵੜਿਆਂ ਵਾਲੇ ਫਾਰਮ ਭਰੇ ਸੀ ਉਹਨਾਂ ਚੋਂ ਵੀ ਕਿਸੇ ਨੇ ਸ਼ਹੀਦੀ ਦੇ ਕੇ ਸ੍ਰੀ ਹਰਮੰਦਰ ਸਾਹਿਬ ਤੇ ਅਕਾਲ ਤਖਤ ਦੀ ਰਖਿਆ ਕਰਨਾ ਮੁਨਾਸਬ ਨਾ ਸਮਝਿਆ। ਜੇ ਲਿਖਤੀ ਪ੍ਰਣ ਪੱਤਰ ਨਾ ਵੀ ਭਰੇ ਹੁੰਦੇ ਤਾਂ ਵੀ ਉਹਨਾਂ ਦਾ ਪਰਮ ਧਰਮ ਬਣਦਾ ਸੀ ਕਿ ਉਹ ਸਿਰਾਂ ਤੇ ਖੱਫਨ ਬੰਨ੍ਹ ਕੇ ਅਮਰਿਤਸਰ ਪੁੱਜਦੇ ਤੇ ਸ਼ਹੀਦੀਆਂ ਪ੍ਰਾਪਤ ਕਰਦੇ। ਪਰ ਉਹਨਾਂ ਚੋਂ ਵੀ ਕਿਸੇ ਨੇ ਅਪਣਾ ਧਰਮ ਤੇ ਫਰਜ਼ ਨਾ ਨਿਭਾਇਆ। ਸਭ ਦੇ ਸਭ ਗੋਲਕਾਂ ਦੇ ਰੁਪਿਆਂ ਚੋਂ ਤਨਖਾਹਾਂ ਲੈਣ ਵਾਲੇ ਗੁਰਦਵਾਰੀਏ ਭਾਈ ਹੀ ਸਿੱਧ ਹੋਏ। ਇਹਨਾਂ ਦੀ ਕਾਇਰਤਾ ਦੇ ਕਿਰਦਾਰ ਨੇ ਸਿੱਖ ਕੌਮ ਦਾ ਭੱੜ ਹੀ ਭੰਨ ਦਿੱਤਾ।

ਹੁਣ ਪਾਠਕ ਗੌਹ ਨਾਲ ਤੇ ਗੰਭੀਰਤਾ ਨਾਲ ਵਿਚਾਰ ਕੇ ਹਿਸਾਬ ਲਾਉਣ ਕਿ ਕੀ ਸਮੁੱਚੇ ਅਕਾਲੀ ਲੀਡਰ, ਸ਼ਰੋਮਣੀ ਕਮੇਟੀ ਦੇ ਪ੍ਰਧਾਨ, ਐਗਜ਼ੈਕਟਿਵ ਕਮੇਟੀ ਦੇ ਸਾਰੇ ਮੈਂਬਰ, ਤਖਤਾਂ ਦੇ ਜਥੇਦਾਰ ਹੈਡਗਰੰਥੀ ਅਤੇ ਲੱਖਾਂ ਅਕਾਲੀ ਵਰਕਰ ਤੇ ਉਹਨਾਂ ਦੇ ਸਹਿਯੋਗੀ ਤੇ ਨੇੜੂ ਜਿਨ੍ਹਾਂ ਨੇ ਅਕਾਲ ਤਖਤ ਤੇ ਸ਼ਹੀਦੀ ਦੇਣ ਦੇ ਪ੍ਰਣ ਪੱਤਰ ਭਰੇ ਸੀ ਕੀ ਉਹ ਸਭ ਦੇ ਸਭ ਸ਼ਹੀਦੀਆਂ ਤੋਂ ਭਗੌੜੇ ਹੋਣ ਦੇ ਦੋਸ਼ੀ ਨਹੀਂ ਹਨ? ਕੀ ਉਹਨਾਂ ਵਲੋਂ ਪ੍ਰਣ ਕਰਕੇ ਨਾ ਨਿਭਾਉਣਾ ਗੁਰੂ ਨੂੰ ਬੇਦਾਅਵਾ ਦੇਣਾ ਨਹੀਂ, ਤੇ ਗੁਰੂ ਅਤੇ ਅਕਾਲ ਤਖਤ ਤੋਂ ਬਗਾਵਤ ਨਹੀਂ? ਅਜੇਹੇ ਦੋਸ਼ੀ ਤਾਂ ਸਿੱਖ ਵੀ ਨਹੀਂ ਮੰਨੇ ਜਾ ਸਕਦੇ ਪਰ ਸਿੱਖ ਕੌਮ ਜਿਸ ਨੂੰ ਸੋਚਣ ਦਾ ਸੁਭਾਅ ਹੀ ਨਹੀਂ, ਜਿਸ ਨੇ ਗੁਰਮੱਤ ਤੇ ਮਨਮੱਤ ਦਾਂ ਕਦੇ ਨਿਰਣਾ ਹੀ ਨਹੀਂ ਕੀਤਾ ਨਿਰੋਲ ਅੰਧਵਿਸ਼ਵਾਸੀ ਤੋਂ ਕੰਮ ਲੈਂਦੀ ਹੈ ਉਹ ਪਿਛਲੇ ਦਸਾਂ ਸਾਲਾਂ ਵਿਚ ਦੋਸ਼ੀ ਲੀਡਰਾਂ ਨੂੰ ਕੌਮ ਦੇ ਸਿਰੋਂ ਨਹੀਂ ਲਾਹ ਸਕੀ। ਸ਼ਹੀਦੀਆਂ ਤੋਂ ਭਗੌੜੇ ਹੋ ਚੁਕੇ ਤੇ ਗੁਰੂ ਤੇ ਅਕਾਲ ਤਖਤ ਤੋਂ ਬਾਗੀ ਭੇ ਮੁਨਕਰ ਹੋ ਚੁਕੇ ਲੀਡਰਾਂ ਨੂੰ ਹੀ ਸਿਰ ਤੇ ਬਿਠਾਈ ਬੈਠੀ ਹੈ। ਇਹ ਸਮੁੱਚਾ ਦੋਸ਼ੀ ਟੋਲਾ ਉਹਨਾਂ ਸਿੱਖਾਂ ਨੂੰ ਜੋ ਇਹਨਾਂ ਦੀ ਸਿੱਖੀ ਮਾਰੂ ਕਰਤੂਤਾਂ ਦਾ ਵਰਨਣ ਕਰਦੇ ਹਨ। ਉਹਨਾਂ ਨੂੰ ਅਕਾਲ ਤਖਤ ਦੇ ਡਰਾਵੇ ਨਾਲ ਚੁੱਪ ਕਰਵਾਉਂਦੇ ਹੈ। ਕਿਉਂਕਿ ਅੰਗਰੇਜ਼ ਦੇ ਬਣਾਏ ਐਕਟ ਅਨੁਸਾਰ ਇਹ ਗੁਰਦਵਾਰਿਆਂ ਦੇ ਕਸਟੋਡੀਅਨ ਹਨ। ਜਥੇਦਾਰ ਤੇ ਹੈਡਗਰੰਥੀ ਇਹਨਾਂ ਦੇ ਮਾਤੇਹਤ ਤਨਖਾਹਦਾਰ ਮੁਲਾਜ਼ਮ ਹਨ। ਉਹਨਾਂ ਪਾਸੋਂ ਅਪਣੇ ਅਲੋਚਕਾਂ ਵਿਰੁੱਧ ਫਤਵਾ ਦਿਵਾ ਸਕਦੇ ਹਨ। ਪਰ ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਕੀ ਇਹ ਟੋਲਾ ਤੇ ਇਸ ਦੇ ਜਥੇਦਾਰ ਜੋ ਖੁਦ ਦੋਸ਼ੀ ਹਨ। ਉਹ ਦੂਜਿਆਂ ਨੂੰ ਦੋਸ਼ੀ ਕਿਵੇਂ ਠਹਿਰਾ ਸਕਦੇ ਹਨ ਤੇ ਜੇ ਠਹਿਰਾਉਂਦੇ ਹਨ ਤਾਂ ਇਸ ਦੀ ਇਖਲਾਕੀ ਤੇ



Digitized by Panjab Digital Library | www.panjabdigilib.org

ਆਈਨੀ ਪੁਜ਼ੀਸ਼ਨ ਕੀ ਹੈ ? ਲੋੜ ਤਾਂ ਇਹ ਸੀ ਕਿ ਇਹ ਸਾਰੇ ਦੇ ਸਾਰੇ ਲੱਖਾਂ ਦੋਸ਼ੀ ਅਪਣੇ ਆਪ ਨੂੰ ਦੋਸ਼ੀ ਮੰਨਕੇ ਸਿੱਖ ਸਿਆਸਤ (ਅਕਾਲੀ ਸਿਆਸਤ) ਅਤੇ ਸ਼ਰੋਮਣੀ ਕਮੇਟੀ ਦੀਆਂ 'ਮੈਂਬਰੀਆਂ' ਤੇ ਅਦੇਹੁਦਾਰੀਆਂ ਤੋਂ ਆਪ ਹੀ ਅਸਤੀਫ਼ੇ ਦੇ ਦੇਂਦੇ ਤੇ ਇਸ ਗੱਲ ਦਾ ਇਕਬਾਲ ਤੇ ਇਤਰਾਫ ਕਰਦੇ ਕਿ ਉਹ ਬਹਾਦਰ ਸਿੱਖ ਕੌਮ ਦੀ ਦਰੁਸਤ ਅਗਵਾਈ ਨਹੀਂ ਕਰ ਸਕੇ, ਉਹ ਗੁਰੂ ਤੇ ਗੁਰੂਘਰ ਨਾਲ ਸ਼ਹੀਦ ਵੀ ਨਹੀਂ ਹੋ ਸਕੇ। ਉਹਨਾਂ ਅਪਣੀਆਂ ਅਰਦਾਸਾਂ ਤੇ ਲਿਖਤੀ ਪ੍ਰਣ ਪੱਤਰਾਂ ਦਾ ਵੀ ਪਾਲਣ ਨਹੀਂ ਕੀਤਾ। ਉਹ ਦਰਬਾਰ ਸਾਹਿਬ ਤੇ ਅਕਾਲ ਤਖਤ ਨੂੰ ਤਬਾਹੀ ਤੋਂ ਵੀ ਨਹੀ ਬਚਾ ਸਕੇ। ਤੇ ਹਰ ਪੱਖੋਂ ਫਿਹਲ ਹੋਏ ਹਨ। ਇਸ ਲਈ ਉਹ ਅਪਣੇ ਸਾਰੇ ਅਹੁਦਿਆਂ, ਮੈਂਬਰੀਆਂ ਅਤੇ ਲੀਡਰੀਆਂ ਤੋਂ ਮੁਸਤਫੀ ਹੁੰਦੇ ਹਨ, ਕਹਿੰਦੇ ਅਸੀਂ ਦੋਸ਼ੀ ਹਾਂ ਪਾਪੀ ਹਾਂ। ਸਾਡੇ ਅਸਤੀਫੇ ਲਵੋ ਸਾਨੂੰ ਮੁਆਫ ਕਰੋ। ਸਿਦਕੀ ਤੇ ਹਠੀ ਸਿੰਘ ਲੱਭ ਕੇ ਕੌਮ ਦੀ ਲੀਡਰਸ਼ਿਪ ਉਹਨਾਂ ਦੇ ਹੱਥਾਂ ਵਿਚ ਦੇ ਲਵੋ। ਪਰ ਅਫਸੋਸ ਕਿ ਇਸ ਕਾਇਰ, ਪਾਖੰਡੀ, ਭੇਖੀ ਤੇ ਗੋਲਕਾਂ ਲੁੱਟਣ ਵਾਲੇ ਕੂੜੇ ਟੋਲੇ ਨੇ ਅਜੇਹਾ ਨਾ ਕੀਤਾ ਅਤੇ ਨਾ ਹੀ ਸਿੱਖ ਕੌਮ ਨੇ ਇਹਨਾਂ ਉਤੇ ਮੁਸੱਤਫੀ ਹੋਣ ਦਾ ਦਬਾ ਪਾਇਆ। ਜਿਸ ਕਾਰਨ ਕੌਮ ਦੇ ਗਲ ਪਿਆ ਗੰਭੀਰ ਸੰਕਟ ਟਲਣ ਦਾ ਕੋਈ ਰਾਹ ਨਿਕਲ ਹੀ ਨਾ ਸਕਿਆ।

## ਟੌਹੜਾ ਕਾਫਰ ਹੈ, ਕੂੜਿਆਰ ਹੈ, ਕਾਇਰ ਹੈ; ਕਾਤਲ ਹੈ, ਕੱਪਟੀ ਹੈ

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਪੰਜ ਕੱਕਾਰਾਂ ਦਾ ਧਾਰਨੀ ਹੋਣ ਦਾ ਹੁਕਮ ਦਿੱਤਾ ਸੀ ਪਰ ਟੌਹੜਾ ਪੰਜਾਂ ਕੁਕਰਮਾਂ ਦਾ ਧਾਰਨੀ ਹੈ। ਸੰਖੇਪ ਤੌਰ ਤੇ ਉਹਨਾਂ ਦਾ ਵਰਨਣ ਇਸ ਪ੍ਰਕਾਰ ਹੈ :

1. ਟੌਹੜਾ ਕਾਫਰ ਹੈ, ਕਾਫਰ ਉਹ ਹੁੰਦਾ ਹੈ, ਜਿਸ ਨੂੰ ਅਕਾਲ ਪੁਰਖ, ਵਾਹਿਗੁਰੂ, ਖੁਦਾ ਵਿਚ ਵਿਸ਼ਵਾਸ ਨਾ ਹੋਵੇ। ਜੋ ਉਸ ਨੂੰ ਦਿਲ ਦੀਆਂ ਗਹਿਰਾਈਆਂ ਚੋਂ ਮੰਨਦਾ ਨਾ ਹੋਵੇ, ਜੋ ਨਾਸਤਕ ਹੋਵੇ, ਜੋ ਤੋੜ ਫੋੜ ਵਿਚ ਵਿਸ਼ਵਾਸ ਰੱਖਦਾ ਹੋਵੇ ਜੋ ਕਿਸੇ ਨਾਲ ਮਨੋਂ ਸਾਫ (Sincere) ਨਾ ਹੋਵੇ, ਜੋ ਕਹੇ ਕੁਝ ਕਮਾਵੇ ਕੁਝ ਹੋਰ। ਜੋ ਵਿਖਾਵਾ ਧਰਮ ਦਾ ਕਰੇ ਪਰ ਅੰਦਰਖਾਤੇ ਧਰਮ ਦੀਆਂ ਜੜ੍ਹਾਂ ਵੱਢੇ, ਵਿਖਾਵਾ ਧਰਮੀ ਹੋਣ ਦਾ ਕਰੇ ਪਰ ਕਮਾਵੇ ਸਦਾ ਅਧਰਮ। ਆਪਣੇ ਨਿਜੀ ਸਵਾਰਥਾਂ ਲਈ ਧਰਮ ਤੇ ਧਰਮ ਅਸਥਾਨਾਂ ਦੀ ਬਲੀ ਵੀ ਦੇ ਦੇਵੇ। ਟੌਹੜਾ ਪਹਿਲੀ ਉਮਰ ਵਿਚ ਨਾਸਤਕ ਕਮਿਊਨਿਸਟ ਸੀ, ਪੱਕਾ ਕਾਫਰ ਸੀ। ਪਰ ਪਿਛਲੇ 30 ਸਾਲ ਤੋਂ ਉਸ ਨੇ ਆਪਣੇ ਆਪ ਨੂੰ ਧਰਮ ਦੇ ਬੁਰਕੇ ਵਿਚ ਛੁਪਾਇਆ ਹੋਇਆ ਹੈ। ਜਿਹੜੇ ਧਰਮ ਅਸਥਾਨਾਂ ਦਾ ਕਸਟੋਡੀਅਨ ਸੀ ਉਹਨਾਂ ਦੀ ਤਬਾਹੀ ਕਰਵਾ ਕੇ ਆਪਣੇ ਕੁਫਰ ਤੇ ਮੋਹਰ ਲਾਈ ਹੈ। ਅਕਾਲ ਤਖਤ ਨੂੰ ਦੋ ਵਾਰ ਢੁਹਾ ਕੇ ਆਪਣੇ ਆਪ ਨੂੰ ਸਿੱਕੇਬੰਦ ਨਾਸਤਕ ਤੇ ਕਾਫਰ ਪ੍ਰਸਿੱਧ ਕੀਤਾ ਹੈ।



Digitized by Panjab Digital Library | www.panjabdigilib.org

2. ਟੌਹੜਾ ਕੂੜਿਆਰ ਹੈ। ਝੂਠ ਬੋਲਣਾ ਇਸ ਦਾ ਪੇਸ਼ਾ ਹੈ, ਬੜੇ ਗਜ਼ਬ ਦਾ ਤੇ ਸਿਰੇ ਦਾ ਝੂਠ ਬੋਲਦਾ ਹੈ ਤੇ ਬੋਲਦਾ ਵੀ ਗੁਰੂ ਗਰੰਥ ਦੀ ਹਜ਼ੂਰੀ ਵਿਚ ਹੈ। ਏਨੀ ਸੁੰਦਰ ਤੇ ਸਰਲ ਜ਼ੁਬਾਨ ਵਿਚ ਕੂੜ ਬੋਲਦਾ ਹੈ ਕਿ ਸਾਧਾਰਨ ਸਿੱਖ ਤਾਂ ਕਿਧਰੇ ਸੂਝਵਾਨ ਸਿੱਖ ਵੀ ਇਸ ਦੇ ਕੂੜ ਨੂੰ ਸੱਚ ਸਮਝਣ ਲੱਗ ਪੈਂਦੇ ਹਨ। ਦੋ ਸਾਲ ਟੌਹੜਾ ਮੰਜੀ ਸਾਹਿਬ ਦੀ ਸਟੇਜ ਤੇ ਗੁਰੂ ਗਰੰਥ ਦੀ ਹਜ਼ੂਰੀ ਵਿਚ ਹਜ਼ਾਰਾਂ ਸਿੱਖਾਂ ਦੇ ਸਾਹਮਣੇ ਸਦਾ ਝੂਠ ਬੋਲਦਾ ਰਿਹਾ ਕਿ ਜੇ ਫੌਜ ਨੇ ਦਰਬਾਰ ਸਾਹਿਬ ਉਤੇ ਹਮਲਾ ਕੀਤਾ ਤਾਂ ਉਹ ਸ਼ਹੀਦੀ ਦੇ ਦੇਵੇਗਾ। ਫੌਜ ਉਸ ਦੇ ਜਿਊਂਦੇ ਦਰਬਾਰ ਸਾਹਿਬ ਅੰਦਰ ਦਾਖਲ ਨਹੀਂ ਹੋ ਸਕੇਗੀ, ਉਸ ਦੀ ਲਾਸ਼ ਉਪਰੋਂ ਲੰਘ ਕੇ ਹੀ ਦਰਬਾਰ ਸਾਹਿਬ ਅੰਦਰ ਦਾਖਲ ਹੋ ਸਕੇਗੀ, ਪਰ ਜਦ 4 ਜੂਨ 1984 ਨੂੰ ਫੌਜ ਨੇ ਹਮਲਾ ਕੀਤਾ ਤਾਂ ਟੌਹੜਾ ਦਰਬਾਰ ਸਾਹਿਬ ਸਮੂਹ ਦੇ ਅੰਦਰ ਸ਼ਰੋਮਣੀ ਕਮੇਟੀ ਦੇ ਦਫਤਰ ਵਿਚ ਮੌਜੂਦ ਸੀ। ਇਹ ਫੌਜ ਨੂੰ ਰੋਕਣ ਲਈ ਤੇ ਸ਼ਹੀਦੀ ਦੇਣ ਲਈ ਅੱਗੇ ਨਾ ਹੋਇਆ ਤੇ ਸਾਬਤ ਕਰ ਦਿੱਤਾ ਕਿ ਜੋ ਵਿਸ਼ਵਾਸ ਉਹ ਸਿੱਖ ਸੰਗਤਾਂ ਨੂੰ ਗੁਰੂ ਗਰੰਥ ਦੀ ਹਜ਼ੂਰੀ ਵਿਚ ਦੇਂਦਾ ਰਿਹਾ ਸੀ, ਉਹ ਸਭ ਨਿਰੋਲ ਝੂਠ ਤੇ ਕੂੜ ਸੀ। ਫਿਰ ਜੋ ਅਕਾਲ ਤਖਤ ਤੇ ਸ਼ਹੀਦੀ ਦੇਣ ਦਾ ਪ੍ਰਣ ਪੱਤਰ ਭਰਿਆ, ਉਸ ਤੋਂ ਵੀ ਮੁਨਕਰ ਹੋ ਕੇ ਸ਼ਹੀਦੀ ਤੋਂ ਭਗੌੜਾ ਹੋ ਕੇ ਝੂਠਾ ਤੇ ਕੂੜਾ ਸਿੱਧ ਹੋਇਆ। ਸੰਤ ਭਿੰਡਰਾਂਵਾਲੇ ਨਾਲ ਜੋ ਕੌਲ ਤੇ ਇਕਰਾਰ ਕੀਤੇ ਹੋਏ ਸੀ, ਜੀਵਨ ਭਰ ਸਾਥ ਨਿਭਾਹੁਣ ਦਾ ਜੋ ਵਿਸ਼ਵਾਸ ਦਿਵਾਇਆ ਹੋਇਆ ਸੀ ਉਸ ਨੂੰ ਤੋੜ ਕੇ ਫੌਜੀ ਹਮਲੇ ਲਈ ਹਰੀ ਝੰਡੀ ਦੇ ਕੇ ਸੰਤ ਭਿੰਡਰਾਂਵਾਲੇ ਦਾ ਖਾਤਮਾ ਕਰਵਾ ਕੇ ਕੂੜਿਆਰਾਂ ਦਾ ਸਰਦਾਰ ਸਿੱਧ ਹੋਇਆ। ਟੌਹੜੇ ਨੇ ਕਈ ਵਾਰ ਜਥੇਦਾਰ ਜਗਦੇਵ ਸਿੰਘ ਤਲਵੰਡੀ ਦਾ ਨੇੜ ਕੀਤਾ ਤੇ ਕਈ ਵਾਰ ਉਸ ਦਾ ਵਿਰੋਧ ਕੀਤਾ। ਸਾਥ ਨਿਭਾਹੁਣ ਦੇ ਸਾਰੇ ਵਾਅਦੇ ਝੂਠੇ ਨਿਕਲੇ। ਬਾਦਲ ਦਾ 1970 ਤੋਂ ਲੈ ਕੇ ਕਈ ਵਾਰ ਨੇੜ ਕੀਤਾ ਪਰ ਅੰਦਰਖਾਤੇ ਸਦਾ ਹੀ ਬਾਦਲ ਦੀਆਂ ਜੜ੍ਹਾਂ ਕੱਟਦਾ ਰਿਹਾ ਤੇ ਅੱਜ ਵੀ ਉਪਰੋਂ ਬਾਦਲ ਦੇ ਨਾਲ ਹੈ, ਮਨੋਂ ਉਸ ਦਾ ਸਖਤ ਵਿਰੋਧੀ ਹੈ ਕਹਿੰਦਾ ਕੁਝ ਹੈ ਕਮਾਉਂਦਾ ਕੁਝ ਹੈ। ਝੂਠ ਤੇ ਕੂੜ ਉਸ ਦਾ ਪੇਸ਼ਾ ਹੈ ਤੇ ਟੌਹੜਾ ਸਿੱਕੇਬੰਦ ਤੇ ਮੋਹਰਬੰਦ ਕੂੜਿਆਰ ਹੈ।

3. ਟੌਹੜਾ ਕਾਇਰ ਹੈ, ਬੁਜ਼ਦਿਲ ਹੈ, ਮੌਤ ਤੋਂ ਡਰਦਾ ਹੈ, ਏਸੇ ਕਾਰਨ ਸ਼ਹੀਦੀ ਦੇਣ ਦੇ ਮੰਜੀ ਸਾਹਿਬ ਦੀ ਸਟੇਜ ਤੋਂ ਦਮਗਜੇ ਮਾਰ ਕੇ ਸੋਭਾ ਤਾਂ ਲੈਂਦਾ ਰਿਹਾ। ਪਰ ਜਦ ਫੌਜੀ ਹਮਲਾ ਹੋਇਆ ਤਾਂ ਇਹ ਕਾਇਰ ਤੇ ਡਰਪੋਕ ਸ਼ਰੋਮਣੀ ਕਮੇਟੀ ਦੇ ਦਫਤਰ ਵਿਚ ਇਸ ਤਰ੍ਹਾਂ ਡਰਦਾ ਦੜਿਆ ਰਿਹਾ ਜਿਵੇਂ ਅਸਤਬਾਜ਼ੀ ਦੇ ਗੋਲੇ ਚੱਲਣ ਸਮੇਂ ਕੁਝ ਜਾਨਵਰ ਡਰਦਿਆਂ ਕਮਰਿਆਂ ਦਾ ਆਸਰਾ ਲੈਂਦੇ ਹਨ। ਕਾਇਰ ਤੇ ਬੁਜ਼ਦਿਲ ਮੌਤ ਨੂੰ ਵੰਗਾਰ ਨਹੀਂ ਸਕਦਾ। ਹੱਸ ਹੱਸ ਕੇ ਖੁਸ਼ੀ ਨਾਲ ਮੌਤ ਨੂੰ ਗਲਵੱਕੜੀ ਨਹੀਂ ਪਾ ਸਕਦਾ। ਏਸੇ ਲਈ ਇਹ ਅਕਾਲ ਤਖਤ ਉਤੇ ਸ਼ਹੀਦੀ ਦਾ ਲਿਖਤੀ ਪ੍ਰਣ ਪੱਤਰ ਭਰ ਕੇ ਵੀ ਸ਼ਹੀਦੀ ਦੇਣ ਲਈ ਤਿਆਰ ਨਾ ਹੋ ਸਕਿਆ। ਜਦ ਸਿੱਖਾਂ ਵਿਚ ਇਹ ਚਰਚਾ



Digitized by Panjab Digital Library | www.panjabdigilib.org

ਆਮ ਚਲ ਪਈ ਕਿ ਟੌਹੜੇ ਤੇ ਲੌਂਗੋਵਾਲ ਨੇ ਫੌਜੀ ਹਮਲੇ ਲਈ ਹਰੀ ਝੰਡੀ ਦਿੱਤੀ ਸੀ ਤੇ ਅਕਾਲੀ ਲੀਡਰ ਹਿੰਦ ਸ੍ਰਕਾਰ ਨਾਲ ਅਕਾਲੀ ਸ੍ਰਕਾਰ ਬਣਾਉਣ ਦੇ ਸੌਦੇ ਤੇ ਸਮਝੌਤਾ ਕਰਕੇ ਜੇਲ੍ਹਾਂ ਚੋਂ ਬਾਹਰ ਆ ਗਏ ਤਾਂ ਸਿੱਖ ਨੌਜਵਾਨਾਂ ਨੂੰ ਜੋ ਬਹੁਤ ਗੁੱਸੇ ਵਿਚ ਸਨ ਨੂੰ ਸ਼ਾਂਤ ਕਰਨ ਲਈ ਤੇ ਆਪਣੇ ਨੇੜੇ ਲਿਆਉਣ ਲਈ ਤਾਂ ਜੋ ਉਹ ਟੌਹੜੇ ਦੀ ਹਤਿਆ ਨਾ ਕਰ ਦੇਣ। ਅਕਾਲ ਤਖਤ ਨੂੰ ਦੋਬਾਰਾ ਢਾਹੁਣ ਦੀ ਚਰਚਾ ਚਲਾ ਦਿੱਤੀ। ਅਕਤੂਬਰ 1984 ਵਿਚ ਤਖਤਾਂ ਦੇ ਜਥੇਦਾਰਾਂ ਤੇ ਹੈਡਗਰੰਥੀਆਂ ਨੂੰ ਕਿਹਾ ਸੀ ਕਿ ਦੁੱਧ ਨਾਲ ਧੋ ਕੇ ਕਹਿ ਦਿਓ ਪਵਿੱਤਰ ਹੋ ਗਿਆ ਹੈ ਤੇ ਇਸ ਨੂੰ ਪ੍ਰਵਾਨ ਕਰਵਾ ਕੇ ਹਿੰਦ ਸ੍ਰਕਾਰ ਦੇ ਘਚ ਨੰਬਰ ਬਣਵਾਏ ਸਨ। ਜਨਵਰੀ 1986 ਵਿਚ ਓਸੇ ਦੁੱਧ ਧੋਤੇ ਅਕਾਲ ਤਖਤ ਨੂੰ ਫਿਰ ਅਪਵਿੱਤਰ ਪ੍ਰਚਾਰ ਕੇ ਢੁਹਾਉਣ ਦਾ ਪਾਪ ਕਮਾਇਆ। ਅਕਾਲ ਤਖਤ ਦੀ ਬਲੀ ਦੇ ਕੇ ਆਪਣਾ ਡਰ ਦੂਰ ਕੀਤਾ। ਜਦ ਖਾੜਕੂਆਂ ਨੇ ਇਸ ਉਤੇ ਫਾਇਰਿੰਗ ਕੀਤੀ ਤਾਂ ਬਚ ਤਾਂ ਗਿਆ ਪਰ ਇਸ ਨੇ ਤੁਰਤ ਬੱਬਰਾਂ ਦਾ ਨੇੜ ਕਰ ਲਿਆ ਤੇ ਡਰਦਿਆਂ ਕੀਤਾ ਕਿ ਕਿਤੇ ਦੋਬਾਰਾ ਉਸ ਨੂੰ ਮਾਰਨ ਦੇ ਯਤਨ ਨਾ ਕੀਤੇ ਜਾਣ।

ਕਾਇਰ ਤੇ ਬੁਜ਼ਦਿਲ ਸਿੱਖ ਨਹੀਂ ਮੰਨਿਆ ਜਾ ਸਕਦਾ। ਸਿੱਖ ਉਹ ਹੀ ਮੰਨਿਆ ਜਾ ਸਕਦਾ ਹੈ ਜੋ ਬਹਾਦਰ ਹੋਵੇ, ਨਿਡਰ ਹੋਵੇ ਜੋ ਧਰਮ ਤੇ ਕੌਮ ਦੀ ਅਣਖ ਤੇ ਰਖਿਆ ਲਈ ਸ਼ਹੀਦੀ ਦੇ ਸਕੇ। ਸਾਧਾਰਨ ਸਿੱਖ ਤਾਂ ਕਾਇਰ ਤੇ ਬੁਜ਼ਦਿਲ ਵੀ ਹੋ ਸਕਦੇ ਹਨ ਪਰ ਕਾਇਰ ਤੇ ਬੁਜ਼ਦਿਲ ਸਿੱਖਾਂ ਦੇ ਲੀਡਰ ਨਹੀਂ ਮੰਨੇ ਜਾ ਸਕਦੇ। ਕਾਇਰ ਤੇ ਬੁਜ਼ਦਿਲ ਲੀਡਰਾਂ ਨੇ ਦੋ ਵਾਰ ਸਿੱਖ ਇਤਿਹਾਸ ਨੂੰ ਕਲੰਕ ਲਾਇਆ। ਪਹਿਲੀ ਵਾਰ ਤਾਂ ਕਾਇਰ ਟੌਹੜੇ ਲੌਂਗੋਵਾਲ ਤੇ ਉਹਨਾਂ ਦੇ ਨੇੜੂਆਂ ਨੇ ਜਦ ਉਹ 6 ਜੂਨ ਨੂੰ ਬਾਹਾਂ ਖੜੀਆਂ ਕਰਕੇ ਸਿੱਖ ਸ਼ਹੀਦਾਂ ਦੀਆਂ ਲਾਸ਼ਾਂ ਮਿੱਧਦੇ ਗੱਡੀਆਂ ਵਿਚ ਬਹਿ ਕੇ ਜਾਨਾਂ ਬਚਾ ਗਏ ਤੇ ਦੂਜੀ ਵਾਰ ਅਪਰੇਸ਼ਨ ਕਾਲੀਗਰਜ਼ ਦੇ ਸਮੇਂ ਜਦ ਅਖੌਤੀ ਕਾਇਰ ਜੁਝਾਰੂ ਬਾਹਾਂ ਖੜੀਆਂ ਕਰਕੇ ਅਲੀ ਅਲੀ ਕਰਦੇ ਆਤਮ ਸਮਰਪਣ ਕਰਕੇ ਜਾਨਾਂ ਬਚਾ ਗਏ। ਇਹ ਦੋਵੇਂ ਕਲੰਕ ਇਉਂ ਜਾਪਦਾ ਹੈ ਕਦੇ ਧੋਤੇ ਨਹੀਂ ਜਾ ਸਕਣਗੇ ਜੇ ਟੌਹੜੇ ਤੇ ਲੌਂਗੋਵਾਲ ਨੇ ਬਾਹਾਂ ਖੜੀਆਂ ਕਰਕੇ ਫੌਜੀਆਂ ਅਗੇ ਆਤਮ ਸਮਰਪਣ ਕਰਨ ਦੀ ਪਿਰਤ ਨਾ ਪਾਈ ਹੁੰਦੀ ਤਾਂ ਹੋ ਸਕਦਾ ਸੀ ਅਪਰੇਸ਼ਨ ਕਾਲੀ ਗਰਜ ਦੇ ਸਮੇਂ ਜੁਝਾਰੂ ਵੀ ਬਾਹਾਂ ਖੜੀਆਂ ਕਰਕੇ ਆਤਮ ਸਮਰਪਣ ਨਾ ਕਰਦੇ। ਅਸਲੀਅਤ ਤਾਂ ਇਹ ਹੈ ਕਿ ਇਹਨਾਂ ਦੋਹਾਂ ਕਲੰਕਾਂ ਦਾ ਜਨਮ ਦਾਤਾ ਤੇ ਮੁੱਖ ਦੋਸ਼ੀ ਇਹ ਕਾਇਰ ਟੌਹੜਾ ਹੀ ਹੈ।

4. ਟੌਹੜਾ ਕਾਤਲ ਹੈ। ਅਪਰੇਸ਼ਨ ਬਲਿਊ ਸਟਾਰ ਸਮੇਂ ਜੋ ਹਜ਼ਾਰਾਂ ਸਿੱਖ ਕਤਲ ਕੀਤੇ ਗਏ ਉਹਨਾਂ ਦਾ ਕਾਤਲ ਟੌਹੜਾ ਹੈ ਕਿਉਂਕਿ ਜੇ ਟੌਹੜਾ ਫੌਜੀ ਹਮਲੇ ਲਈ ਹਰੀ ਝੰਡੀ ਨਾ ਦੇਂਦਾ ਤਾਂ ਹਮਲਾ ਹੋਣਾ ਹੀ ਨਹੀਂ ਸੀ ਤੇ ਸਿੱਖਾਂ ਦਾ ਕਤਲਾਮ ਹੋਣਾ ਹੀ ਨਹੀਂ ਸੀ। ਟੌਹੜਾ ਹੀ ਸੰਤ ਭਿੰਡਰਾਂਵਾਲੇ ਦਾ ਕਾਤਲ ਹੈ, ਕਿਉਂਕਿ ਅਕਾਲੀ ਲੀਡਰਾਂ ਨੇ 26 ਮਈ 1984 ਨੂੰ ਜੋ ਸੌਦਾ ਨਰਸਿਮਹਾ ਰਾਓ ਰਾਹੀਂ ਮੀਟਿੰਗ ਕਰਕੇ ਹਿੰਦ



Digitized by Panjab Digital Library | www.panjabdigilib.org

ਸਰਕਾਰ ਨਾਲ ਕੀਤਾ ਸੀ ਉਸ ਵਿਚ ਟੌਹੜੇ ਨੂੰ ਮੁੱਖ ਮੰਤਰੀ ਬਨਾਉਣਾ ਤੈਅ ਹੋ ਗਿਆ ਸੀ ਤੇ ਅਕਾਲੀ ਲੀਡਰ ਰਿਹਾ ਕਰ ਦਿੱਤੇ ਗਏ ਸਨ। ਟੌਹੜਾ ਰਿਹਾਅ ਹੋਣ ਪਿੱਛੋਂ ਸਿੱਧਾ ਅਮਰਿਤਸਰ ਪੁੱਜਾ, ਤੇ ਜਾ ਕੇ ਸੰਤ ਭਿੰਡਰਾਂਵਾਲੇ ਨੂੰ ਮਿਲਿਆ ਤੇ ਸੰਤ ਨੂੰ ਵਧਾਈ ਦਿੱਤੀ ਕਿ ਸੰਤ ਜੀ ਤੁਹਾਡੀ ਬੜੀ ਵੱਡੀ ਜਿੱਤ ਹੋਈ ਹੈ ਦਿੱਲੀ ਵਾਲੇ ਮੈਨੂੰ ਮੁੱਖ ਮੰਤਰੀ ਬਨਾਉਣਾ ਮੰਨ ਗਏ ਹਨ, ਥੋੜ੍ਹੇ ਸਮੇਂ ਵਿਚ ਨਵੀਆਂ ਚੋਣਾਂ ਕਰਵਾਕੇ ਵਜ਼ਾਰਤ ਬਣਵਾ ਦੇਣਗੇ, ਇਹ ਸਭ ਤੁਹਾਡੀ ਲੜਾਈ ਦੇ ਕਾਰਨ ਹੀ ਸੰਭਵ ਹੋਇਆ ਹੈ ਹੁਣ ਥੋੜ੍ਹੇ ਸਮੇਂ ਲਈ ਲੜਾਈ ਖਤਮ ਕਰ ਦਈਏ। ਭਾਈ ਅਮਰੀਕ ਸਿੰਘ ਨੂੰ ਵਜ਼ੀਰ ਬਣਾ ਦਿਆਂਗੇ ਤੁਸੀਂ ਅਮਰਿਤ ਪ੍ਰਚਾਰ ਦੀ ਲਹਿਰ ਜ਼ੋਰਾਂ ਤੇ ਕਰ ਲੈਣੀ, ਵਧੇਰੇ ਤਾਕਤ ਹਾਸਲ ਕਰਕੇ ਫਿਰ ਦੂਜੀ ਲੜਾਈ ਲੜ ਲਵਾਂਗੇ ਹੁਣ ਤੁਸੀ ਇਸ ਕੀਤੇ ਸਮਝੌਤੇ ਨੂੰ ਆਪਣੀ ਅਸ਼ੀਰਵਾਦ ਦਿਓ। ਸੰਤ ਭਿੰਡਰਾਂਵਾਲਾ ਜੋ ਬੜੇ ਗੌਹ ਨਾਲ ਟੌਹੜੇ ਦੀਆਂ ਸਾਰੀਆਂ ਗੱਲਾਂ ਸੁਣ ਰਿਹਾ ਸੀ, ਟੌਹੜੇ ਦੀ ਗੱਲ ਖਤਮ ਹੋਣ ਤੇ ਬੋਲਿਆ ਕਿ ਟੌਹੜਾ ਜੀ ਮੈਂ ਧਰਮ ਯੁੱਧ ਮੋਰਚਾ ਤੁਹਾਡੀ ਚੀਫ ਮਨਿਸਟਰੀ ਅਤੇ ਭਾਈ ਅਮਰੀਕ ਸਿੰਘ ਦੀ ਵਜ਼ੀਰੀ ਲਈ ਆਰੰਭ ਨਹੀਂ ਸੀ ਕੀਤਾ। ਮੈਂ ਤਾਂ ਸਿੱਖੀ ਸਰੂਪ ਦੀ ਰਖਿਆ ਲਈ ਆਰੰਭ ਕੀਤਾ ਸੀ। ਮੋਰਚੇ ਦੌਰਾਨ ਵੀ ਛੇ ਸੱਤ ਸੌ ਅਮਰਿਤਧਾਰੀ ਸਿੱਖ ਨੌਜਵਾਨ ਜਾਨੋਂ ਮਾਰੇ ਗਏ ਹਨ, ਤੁਹਾਡੇ ਸੌਦੇ ਵਿੱਚ ਸਿਵਾਏ ਵਜ਼ੀਰੀਆਂ ਤੇ ਕੁਰਸੀਆਂ ਦੇ ਸਿੱਖੀ ਸਰੂਪ ਦੀ ਰਖਿਆ ਦੀ ਗਰੰਟੀ ਦਾ ਕੋਈ ਵਰਨਣ ਨਹੀਂ ਇਸ ਲਈ ਮੈਂ ਅਜੇਹੀ ਸੌਦੇਬਾਜ਼ੀ ਨੂੰ ਆਸ਼ੀਰਵਾਦ ਕਿਵੇਂ ਦੇ ਸਕਦਾ ਹਾਂ ? ਮੈਂ ਅਜੇਹਾ ਹਰਗਿਜ਼ ਨਹੀਂ ਕਰ ਸਕਦਾ, ਕੋਰਾ ਜਵਾਬ ਸੁਣ ਕੇ ਟੌਹੜਾ ਮਨੋਂ ਸੜਿਆ ਬਲਿਆ ਸੰਤ ਲੌਂਗੋਵਾਲ ਪਾਸ ਪੁੱਜਾ ਤੇ ਕਹਿਣ ਲੱਗਾ ਇਸ ਸਾਧ ਦਾ ਦਿਮਾਗ ਅਸਮਾਨੇ ਚੜ੍ਹ ਗਿਆ ਹੈ ਕਿਸੇ ਗੱਲ ਤੇ ਮੰਨਣ ਨੂੰ ਤਿਆਰ ਨਹੀਂ। ਸੰਤ ਲੌਂਗੋਵਾਲ ਨੇ ਕਿਹਾ ਭਾਈ ਤੂੰ ਹੀ ਉਸ ਦਾ ਦਿਮਾਗ ਅਸਮਾਨੇ ਚਾੜ੍ਹਿਆ ਹੋਇਆ ਸੀ, ਮੈਂ ਤਾਂ ਉਸ ਤੋਂ ਬੜੀ ਦੇਰ ਤੋਂ ਔਖਾ ਸੀ, ਤੂੰ ਜਾਣ ਤੇ ਤੇਰਾ ਕੰਮ। ਟੌਹੜਾ ਕਹਿਣ ਲੱਗਾ ਸੰਤ ਜੀ ਜੇ ਤੁਸੀਂ ਮੇਰਾ ਸਾਥ ਦਿਓ ਤਾਂ ਮੈਂ ਹੀ ਇਸਦਾ ਦਿਮਾਗ ਦਰੁਸਤ ਕਰ ਦਿਆਂਗਾ। ਸੰਤ ਨੇ ਕਿਹਾ ਮੈਂ ਤਾਂ ਟੌਹੜਾ ਸਦਾ ਤੇਰੇ ਨਾਲ ਰਿਹਾ ਹਾਂ, ਹੁਣ ਵੀ ਤੇਰੇ ਨਾਲ ਹਾਂ। ਸੰਤ ਪਾਸੋਂ ਵਿਸ਼ਵਾਸ ਪ੍ਰਾਪਤ ਕਰਕੇ ਟੌਹੜੇ ਨੇ ਗਵਰਨਰ ਨਾਲ ਤੇ ਦਿੱਲੀ ਟੈਲੀਫੂਨ ਤੇ ਗੱਲ ਕੀਤੀ ਤੇ ਦਸਿਆ ਕਿ ਜੋ ਗੱਲ ਅਸੀਂ ਤੁਹਾਡੇ ਨਾਲ ਮੁਕਾ ਗਏ ਸੀ, ਉਸ ਨੂੰ ਸੰਤ ਭਿੰਡਰਾਂਵਾਲਾ ਨਹੀਂ ਮੰਨਦਾ। ਇਸ ਲਈ ਅਸੀਂ ਇਹ ਸੌਦਾ ਸਿਰੇ ਚਾੜ੍ਹਨ ਦੇ ਅਸਮਰਥ ਹਾਂ। ਦਿੱਲੀ ਵਾਲਿਆਂ ਕਿਹਾ ਕਿ ਜੇ ਉਹ ਤੁਹਾਡੀ ਗੱਲ ਨਹੀਂ ਮੰਨਦਾ ਤਾਂ ਤੁਸੀਂ ਉਸਨੂੰ ਦਰਬਾਰ ਸਾਹਿਬ ਸਮੂਹ ਚੋਂ ਬਾਹਰ ਕਿਉਂ ਨਹੀਂ ਕੱਢਦੇ ? ਟੌਹੜੇ ਨੇ ਕਿਹਾ ਉਹ ਹੁਣ ਸਾਥੋਂ ਵਧੇਰੇ ਤਾਕਤਵਰ ਹੋ ਚੁੱਕਾ ਹੈ, ਅਸੀਂ ਉਸ ਨੂੰ ਕੱਢ ਵੀ ਨਹੀਂ ਸਕਦੇ। ਦਿੱਲੀ ਵਾਲਿਆਂ ਕਿਹਾ ਕਿ ਜੇ ਤੁਸੀਂ ਨਹੀਂ ਕੱਢ ਸਕਦੇ ਤਾਂ ਜੇ ਸਰਕਾਰ ਕੱਢ



Digitized by Panjab Digital Library / www.panjabdigilib.org

ਲੈਂਦੀ ਹੈ ਤੁਹਾਨੂੰ ਤਾਂ ਕੋਈ ਇਤਰਾਜ਼ ਨਹੀਂ ਹੋਵੇਗਾ ? ਟੌਹੜੇ ਨੇ ਕਿਹਾ ਸਾਨੂੰ ਇਤਰਾਜ਼ ਕਾਹਦਾ ਹੋਣਾ ਹੈ, ਅਸੀਂ ਤਾਂ ਸਗੋਂ ਖੁਸ਼ ਹੋਵਾਂਗੇ ਕਿਉਂਕਿ ਜੂੰ ਤਾਂ ਸਾਡੇ ਸਿਰ ਦੀ ਮਰਨੀ ਹੈ। ਇਹ ਸੀ ਟੌਹੜੇ ਵਲੋਂ ਫੌਜੀ ਹਮਲੇ ਲਈ ਹਰੀ ਝੰਡੀ ਦੇਣ ਦਾ ਪਿਛੋਕੜ, ਜਿਸ ਰਾਹੀਂ ਟੌਹੜਾ ਸੰਤ ਭਿੰਡਰਾਂਵਾਲੇ ਦਾ ਕਾਤਲ ਅਤੇ ਹਜ਼ਾਰਾਂ ਸਿੱਖਾਂ ਦਾ ਕਾਤਲ ਸਿੱਧ ਹੋਇਆ। ਪਾਠਕ ਇਹ ਸਵਾਲ ਕਰ ਸਕਦੇ ਹਨ ਕਿ ਜਦ 27 ਮਈ ਨੂੰ ਟੌਹੜੇ ਤੇ ਸੰਤ ਭਿੰਡਰਾਂਵਾਲੇ ਵਿਚਾਲੇ ਗੱਲ ਬਾਤ ਹੋਈ ਸੀ ਕੀ ਮੈਂ ਉਥੇ ਮੌਜੂਦ ਸਾਂ ? ਮੇਰਾ ਉੱਤਰ ਹੈ ਕਿ ਮੈਂ ਮੌਜੂਦ ਨਹੀਂ ਸੀ। ਪਰ 28 ਮਈ ਸ਼ਾਮ ਜਦ ਮੈਂ ਸੰਤ ਭਿੰਡਰਾਂਵਾਲੇ ਨੂੰ ਰੂਟੀਨ ਅਨੁਸਾਰ ਮਿਲਿਆ ਤਾਂ ਉਹਨਾਂ ਅਪਣੀ ਜ਼ਬਾਨੋਂ ਟੌਹੜੇ ਨਾਲ ਹੋਈ ਜੋ ਗੱਲ ਬਾਤ ਸੁਣਾਈ ਮੈਂ ਉਹ ਇਕ ਵਾਰ ਨਹੀਂ ਕਈ ਵਾਰੀ 1985 ਤੋਂ ਪਿੱਛੋਂ ਆਪਣੀਆਂ ਲਿਖਤਾਂ ਵਿੱਚ ਬਿਆਨ ਕਰ ਚੁੱਕਾ ਹਾਂ। ਭਾਈ ਰਛਪਾਲ ਸਿੰਘ ਸੰਤਾਂ ਦਾ ਪੀ.ਏ. ਵੀ ਉਸ ਸਮੇਂ ਮੌਜੂਦ ਸੀ ਜਦ ਸੰਤ ਜੀ ਨੇ ਮੈਨੂੰ ਇਹ ਗੱਲ ਸੁਣਾਈ।

5. ਟੌਹੜਾ ਕੱਪਟੀ ਹੈ ਸਾਜ਼ਸ਼ਾਂ ਤੇ ਕੁਟਲ ਨੀਤੀਆਂ ਇਸ ਦਾ ਕਿੱਤਾ ਹਨ। ਕਦੇ ਕਿਸੇ ਲੀਡਰ ਨਾਲ ਨੇੜ ਕਰ ਲੈਂਦਾ ਹੈ ਤੇ ਉਸ ਰਾਹੀਂ ਦੂਜਿਆਂ ਨੂੰ ਨੀਵਾਂ ਵਿਖਾਉਂਦਾ ਹੈ। ਜਥੇਦਾਰ ਤਲਵੰਡੀ ਨੂੰ ਗੰਢ ਕੇ ਬਾਦਲ ਦਾ ਵਿਰੋਧ ਕਰਵਾਉਂਦਾ ਹੈ ਤੇ ਜਦ ਚਾਹੇ ਕਰਵਾ ਲੈਂਦਾ ਹੈ। ਸੁਖਜਿੰਦਰ ਸਿੰਘ ਨੂੰ ਗੰਢ ਕੇ ਵੀ ਬਾਦਲ ਦਾ ਵਿਰੋਧ ਕਰਾਉਂਦਾ ਰਿਹਾ। 1978 ਵਿਚ ਸੰਤ ਭਿੰਡਰਾਂਵਾਲੇ ਨੂੰ ਗੰਢ ਕੇ ਉਸ ਪਾਸੋਂ ਬਾਦਲ ਤੇ ਤਲਵੰਡੀ ਦੋਹਾਂ ਦਾ ਵਿਰੋਧ ਕਰਵਾਉਂਦਾ ਰਿਹਾ। ਫਿਰ 1985-86 ਵਿਚ ਬਾਦਲ ਪਾਸੋਂ ਬਰਨਾਲੇ ਦਾ ਵਿਰੋਧ ਕਰਵਾਉਂਦਾ ਰਿਹਾ। ਹੁਣ ਡੇੜ ਦੋ ਸਾਲ ਤੋਂ ਬਰਨਾਲੇ ਤੇ ਤਲਵੰਡੀ ਨਾਲ ਨੇੜ ਕਰਕੇ ਉਹਨਾਂ ਪਾਸੋਂ ਫਿਰ ਬਾਦਲ ਦਾ ਵਿਰੋਧ ਕਰਵਾ ਰਿਹਾ ਹੈ। ਤੇ ਆਪ ਸਾਰੇ ਅਕਾਲੀ ਦਲਾਂ ਦਾ ਸੁਪਰੀਮ ਹੈੱਡ ਬਣਨ ਦਾ ਚਾਹਵਾਨ ਹੈ। ਇਹ ਹੀ ਨਹੀ ਧਰਮ ਯੁੱਧ ਮੋਰਚੇ ਸਮੇਂ ਭਿੰਡਰਾਂਵਾਲੇ ਵਿਰੁੱਧ ਬੱਬਰਾਂ ਨੂੰ ਸਬਕ ਦੇਣ ਵਾਲਾ ਤੇ ਅਖੰਡ ਕੀਰਤਨੀ ਜਥਿਆਂ ਤੇ ਟੱਕਸਾਲ ਵਿਚ ਪਾੜ ਪਵਾਉਣ ਵਾਲਾ ਵੀ ਟੌਹੜਾ ਹੀ ਸੀ ਇਸ ਕੱਪਟੀ ਦੀਆਂ ਨਿੱਤ ਦੀਆਂ ਸਾਜ਼ਸ਼ਾਂ ਤੇ ਕੁਟੱਲ ਨੀਤੀਆਂ ਨੇ ਸਮੁੱਚੀ ਅਕਾਲੀ ਲੀਡਰਸ਼ਿਪ ਲੀਰੋ ਲੀਰ ਕਰਕੇ ਸਿਫਰ ਕੀਤੀ ਹੋਈ ਹੈ ਤੇ ਇਸ ਦੀਆਂ ਕੁਟਲ ਨੀਤੀਆਂ ਨੇ ਹੀ ਸਿੱਖ ਕੌਮ ਨੂੰ ਖੂਨੀ ਖੇਡ ਵਿਚ ਦਸ ਸਾਲ ਫਸਾਈ ਰਖਿਆ। ਸਿੱਖਾਂ ਦੀ ਸਾਰੀ ਦੁਰਦਸ਼ਾ ਅਤੇ ਧਰਮ ਅਸਥਾਨਾਂ ਦੀ ਤਬਾਹੀ ਦਾ ਜ਼ੁਮੇਵਾਰ ਵੀ ਕਪਟੀ ਟੌਹੜਾ ਹੀ ਹੈ। ਤੇ ਉਸ ਸ਼ਿਅਰ ਵਾਲੀ ਗੱਲ ਹੈ।

ਬਰਬਾਦ ਗਲਿਸਤਾਂ ਕਰਨੇ ਕੋ ਏਕ ਹੀ ਉੱਲੂ ਕਾਫੀ ਹੈ।
ਹਰ ਸ਼ਾਖ ਪੇ ਉੱਲੂ ਬੈਠਾ ਹੈ ਅੰਜਾਮੇ ਗੁਲਿਸਤਾਂ ਕਿਆ ਹੋਗਾ ?



Digitized by Panjab Digital Library | www.panjabdigilib.org

ਕਿਸੇ ਸੂਝਵਾਨ ਨੇ ਏਸੇ ਤਰਜ਼ ਤੇ ਸ਼ਿਅਰ ਲਿਖਿਆ ਸੀ ਜੋ ਇਸ ਤਰਾਂ ਸੀ।

ਬਰਬਾਦ ਸਿਖਸਤਾਂ ਕਰਨੇ ਕੋ ਏਕ ਹੀ ਟੌਹੜਾ ਕਾਫੀ ਹੈ।

ਸਭ ਸਿੱਖ ਸਬਕ ਟੌਹੜੇ ਦਾ ਪੜ੍ਹਦੇ ਨੇ ਅੰਜਾਮੇ ਸਿੱਖਸਤਾਂ ਕਿਆ ਹੋਗਾ ?

ਸਰਦਾਰੋ ਜੇ ਇਸ ਪਾਸੋਂ ਕੌਮ ਬਚਾਉਣੀ ਹੈ ਤਾਂ ਇਸ ਕਾਫਰ, ਕੂੜਿਆਰ, ਕਾਇਰ, ਕਾਤਲ ਤੇ ਕੱਪਟੀ ਵਿਰੁੱਧ ਰੋਸ਼ਨ ਦਿਮਾਗ ਤੇ ਨਿਰਪੱਖ ਪੰਥ ਹਿਤੈਸ਼ੀਆਂ ਦੇ ਸਰਬੱਤ ਖਾਲਸਾ ਇਕੱਠ ਪਾਸੋਂ ਫ਼ੱਤਵਾ ਲੈਣਾ ਪਵੇਗਾ। ਇਸ ਨੂੰ ਲਾਂਭੇ ਕਰਨਾ ਪਵੇਗਾ, ਵਰਨਾ ਨਾ ਇਹ ਕੌਮ ਨੂੰ ਸੰਕਟ ਚੋਂ ਨਿਕਲਣ ਦੇਵੇਗਾ। ਨਾ ਚੜ੍ਹਦੀ ਕਲਾ ਵਿਚ ਪ੍ਰਵੇਸ਼ ਕਰਨ ਦੇਵੇਗਾ।

## ਟੌਹੜੇ ਵੱਲੋਂ ਮੇਰੇ ਵਿਰੁੱਧ ਸ਼ਿਕਾਇਤ ਕਰਨ ਦਾ ਪਿਛੋਕੜ

ਮੈਂ 1975 ਤੋਂ ਟੌਹੜੇ ਦੀਆਂ ਕੁਟਲ ਨੀਤੀਆਂ ਤੇ ਸਿੱਖੀ ਮਾਰੂ ਨੀਤੀਆਂ ਵਿਰੁੱਧ ਲਿਖਦਾ ਆ ਰਿਹ ਹਾਂ। ਟੌਹੜੇ ਵਿਰੁੱਧ ਕੋਈ ਦੂਜਾ ਸਿੱਖ ਲਿਖਾਰੀ ਤੇ ਇਤਹਾਸਕਾਰ ਨਹੀਂ ਲਿਖਦਾ। ਟੌਹੜਾ ਮੈਨੂੰ ਗੋਲਕਾਂ ਦੇ ਰੁਪੱਈਆਂ ਨਾਲ ਖਰੀਦ ਨਹੀਂ ਸਕਦਾ। ਟੌਹੜਾ ਇਹ ਵੀ ਨਹੀਂ ਕਹਿਣਾ ਚਾਹੁੰਦਾ ਕਿ ਮੈਂ ਉਸ ਦੇ ਵਿਰੁੱਧ ਲਿਖਦਾ ਹਾਂ ਇਸ ਲਈ ਮੈਨੂੰ ਅਕਾਲ ਤਖਤ ਤੇ ਬੁਲਾ ਕੇ ਇਸ ਦੀ ਤੋਬਾ ਕਰਵਾਈ ਜਾਏ। ਇਸ ਲਈ ਟੌਹੜੇ ਨੇ ਮੇਰੇ ਇਕ ਲੇਖ ਗੁਰਦਵਾਰਾ ਐਕਟ ਅਤੇ ਆਦਿ ਗਰੰਥ ਦੀ ਖੋਜ ਜੋ ਮੈਂ ਪੰਜਾਂ ਕਿਸ਼ਤਾਂ ਵਿਚ ਮੁਕੱਮਲ ਕੀਤਾ ਸੀ ਉਸ ਦੀ ਆਖਰੀ ਕਿਸ਼ਤ ਦੇ ਆਧਾਰ ਤੇ ਸ਼ਰੋਮਣੀ ਕਮੇਟੀ ਵੱਲੋਂ ਮੇਰੇ ਵਿਰੁੱਧ ਸ਼ਿਕਾਇਤ ਕਰਵਾਈ ਹੈ। ਹਾਲਾਂਕਿ ਇਹ 225 ਸਫ਼ੇ ਦਾ ਲੇਖ ਹੈ। ਜੇ ਇਸ ਦੀ ਜਾਂਚ ਕਰਵਾਉਣੀ ਹੀ ਹੋਵੇ ਤਾਂ ਇਸ ਵਿਚ ਦਰਜ ਸਾਰੇ ਨੁਕਤਿਆਂ ਦੀ ਜਾਂਚ ਕਰਵਾਉਣੀ ਜ਼ਰੂਰੀ ਹੈ। ਪਰ ਟੌਹੜੇ ਨੇ ਇਨ ਬਿਨ ਡੀ.ਜੀ.ਪੀ. ਰੀਬੈਰੋ ਵਾਲਾ ਤਰੀਕਾ ਵਰਤਿਆ ਹੈ। ਮੈਂ 15 ਅਕਤੂਬਰ 1986 ਦੇ ਦਿਹਾਤੀ ਜਨਤਾਂ ਅਖਬਾਰ ਵਿਚ ਦੋ ਲੇਖ ਪ੍ਰਕਾਸ਼ਤ ਕੀਤੇ ਇਕ ਸੀ, "ਰੀਬੈਰੋ ਉਤੇ ਹਮਲੇ ਨੇ ਪੁਲਸ ਮੁਕਾਬਲਿਆਂ ਦਾ ਭਾਂਡਾ ਚੌਰਾਹੇ ਵਿਚ ਭੰਨ ਦਿੱਤਾ" ਦੂਜਾ ਸੀ, ਬੇਅੰਤ ਸਿੰਘ ਸ਼ਹੀਦ ਦੀ ਦੂਜੀ ਬਰਸੀ ਤੇ ਹੁਮ ਹਮਾ ਕੇ ਪੁੱਜੋ। ਰੀਬੈਰੋ ਨੇ ਇਕ ਅਫਸਰ ਰਾਹੀਂ ਮੈਨੂੰ ਟੈਲੀਫੂਨ ਤੇ ਧਮਕੀ ਦਿਵਾਈ। ਮੈ ਅਗਲੇ ਪਰਚੇ ਵਿਚ ਉਹ ਵੀ ਪ੍ਰਕਾਸ਼ਤ ਕਰ ਦਿੱਤੀ। ਇਸ ਦੇ ਛਪਣ ਪਿਛੋਂ ਰੀਬੈਰੋ ਅਪਣੇ ਵਾਲੇ ਲੇਖ ਦੇ ਆਧਾਰ ਉਤੇ ਮੇਰੇ ਵਿਰੁੱਧ ਕੇਸ ਦਰਜ ਨਾ ਕਰ ਸਕਿਆ। ਉਸ ਨੇ ਸ਼ਹੀਦ ਬੇਅੰਤ ਸਿੰਘ ਦੀ ਬਰਸੀ ਵਾਲੇ ਲੇਖ ਦੇ ਆਧਾਰ ਤੇ ਮੇਰੇ ਵਿਰੁੱਧ ਟਾਡਾ ਅਧੀਨ ਕੇਸ ਦਰਜ ਕਰਵਾ ਦਿੱਤਾ ਤੇ ਲਗਾਤਾਰ ਕੇਸ ਦਰਜ ਕਰਵਾਉਂਦਾ ਚਲਾ ਗਿਆ। ਫਰਵਰੀ 1988 ਤੱਕ ਮੇਰੇ ਵਿਰੁੱਧ ਚਾਰ ਟਾਡਾ ਦੇ ਪੰਜ ਬਗਾਵਤ ਦੇ ਕੇਸ ਦਰਜ ਕਰਵਾ ਦਿੱਤੇ। ਉਸੇ ਤਰਜ਼ ਤੇ ਟੌਹੜੇ ਨੂੰ ਮੇਰੇ ਜਿਸ 225 ਸਫ਼ੇ ਦੇ ਲੇਖ ਤੇ ਇਤਰਾਜ਼ ਹੈ ਉਸ ਵਿਚ ਸਭ ਤੋਂ ਵਧੇਰੇ ਦੋਸ਼ ਟੌਹੜੇ ਵਿਰੁੱਧ ਹਨ। ਪਰ ਟੌਹੜਾ ਅਪਣੇ ਵਿਰੁੱਧ ਦੋਸ਼ਾਂ ਦਾ ਨਾਮ ਨਹੀਂ



Digitized by Panjab Digital Library | www.panjabdigilib.org

ਲੈਂਦਾ। ਕਹਿੰਦਾ ਹੈ ਕਿ ਮੈਂ ਗੁਰੂ ਗਰੰਥ ਸਾਹਿਬ ਦੀ ਸਰਵਉੱਚਤਾ ਨੂੰ ਚੁਨੌਤੀ ਦਿੱਤੀ ਹੈ। ਜੋ ਕਿ ਬਿਲਕੁਲ ਬੇ ਬੁਨਿਆਦ ਹੈ। ਸਾਰਾ ਸੰਸਾਰ ਜਾਣਦਾ ਹੈ ਕਿ ਟੌਹੜੇ ਨੇ ਸਦਾ ਗੁਰੂ ਗਰੰਥ ਦੇ ਰੂਬਰੂ ਖੜੇ ਹੋਕੇ ਸਿੱਖ ਕੌਮ ਨਾਲ ਸਦਾ ਝੂਠ ਬੋਲਿਆ ਹੈ, ਧੋਖਾ ਕੀਤਾ ਹੈ। ਟੌਹੜੇ ਤੇ ਅਕਾਲੀ ਲੀਡਰਾਂ ਨੇ ਗੁਰੂ ਗਰੰਥ ਨੂੰ ਕਦੇ ਪ੍ਰਗਟ ਗੁਰਾਂ ਦੀ ਦੇਹ ਨਹੀਂ ਮੰਨਿਆ। ਜਿਸ ਕਾਰਨ ਇਹ ਸਾਰਾ ਟੋਲਾ ਕਾਫਰ ਹੈ ਅਧਰਮੀ ਹੈ, ਗੁਰੂ ਗੋਬਿੰਦ ਸਿੰਘ ਤੋਂ ਬਾਗ਼ੀ ਹੈ। ਕਿਉਂਕਿ ਜੇ ਇਹ ਗੁਰੂ ਗਰੰਥ ਨੂੰ ਪ੍ਰਗਟ ਗੁਰਾਂ ਦੀ ਦੇਹ ਮੰਨਦੇ ਹੁੰਦੇ ਤਾਂ ਗੁਰੂ ਗਰੰਥ ਦੀ ਹਜ਼ੂਰੀ ਵਿਚ ਕੀਤੇ ਬਚਨਾਂ, ਅਰਦਾਸਾਂ ਤੇ ਲਿਖਤੀ ਪ੍ਰਣ ਪੱਤਰਾਂ ਦਾ ਅਵੱਸ਼ ਪਾਲਣ ਕਰਦੇ। ਪਰ ਇਹਨਾਂ ਦਾ ਅਜੇਹਾ ਨਾ ਕਰਨਾ ਸਪੱਸ਼ਟ ਕਰਦਾ ਹੈ ਕਿ ਇਹ ਗੁਰੂ ਗਰੰਥ ਨੂੰ ਪ੍ਰਗਟ ਗੁਰਾਂ ਦੀ ਦੇਹ ਨਹੀਂ ਮੰਨਦੇ। ਇਹ ਗੁਰੂ ਗਰੰਥ ਦੇ ਮਾਲਕ ਬਣ ਕੇ ਇਸ ਦੀ ਕੁਵਰਤੋਂ ਕਰਦੇ ਹਨ ਸਿੱਖਾਂ ਨੂੰ ਕੁਰਾਹੇ ਪਾਉਂਦੇ ਹਨ, ਕੌਮ ਨੂੰ ਧੋਖਾ ਦੇਂਦੇ ਹਨ। ਜੋ ਕਿ ਬਜਰ ਪਾਪ ਹੈ, ਕਿਉਂਕਿ ਮੈਂ ਟੌਹੜੇ ਤੇ ਉਸ ਦੀ ਪੋਲਟ ਬਿਓਰੋ ਦੇ ਕੁਕਰਮਾਂ ਤੋਂ ਸਿੱਖ ਸੰਗਤਾਂ ਨੂੰ ਜਾਣੂ ਕਰਵਾਉਂਦਾ ਹਾਂ। ਇਸ ਲਈ ਟੌਹੜਾ ਮੇਰੀ ਜ਼ਬਾਨ ਤੇ ਕਲਮ ਬੰਦ ਕਰਨ ਲਈ ਅਪਣੀ ਪੋਲਟ ਬਿਓਰੋ ਦੀ ਵਰਤੋਂ ਕਰਨੀ ਚਾਹੁੰਦਾ ਹੈ ਤੇ ਏਸੇ ਮਨੋਰਥ ਲਈ ਉਸ ਨੇ ਸ਼੍ਰੋਮਣੀ ਕਮੇਟੀ ਵੱਲੋਂ ਜਿਸ ਦਾ ਉਹ ਪ੍ਰਧਾਨ ਹੈ ਮੇਰੇ ਵਿਰੁੱਧ ਸ਼ਿਕਾਇਤ ਕਰਵਾਈ ਹੈ ਜੋ ਕਿ ਰੀਬੈਰੋ ਦੀ ਤਰਜ਼ ਤੇ ਮੇਰੇ ਵਿਰੁੱਧ 9 ਕੇਸ ਦਰਜ ਕਰਵਾਉਣ ਵਾਲੀ ਗੱਲ ਹੈ। ਇਹ ਨਹੀਂ ਕਿਹਾ ਕਿ ਟੌਹੜੇ ਵਿਰੁੱਧ ਵੀ ਜੋ ਦੋਸ਼ ਹਨ ਉਹਨਾਂ ਦੀ ਵੀ ਜਾਂਚ ਕਰਵਾਉਣ ਨੂੰ ਉਹ ਤਿਆਰ ਹੈ। ਮੇਰੇ ਵਿਰੁੱਧ ਸ਼ਿਕਾਇਤ ਕੀਤੀ ਹੈ ਕਿ ਮੈਂ ਗੁਰੂ ਗਰੰਥ ਨੂੰ ਚੁਣੌਤੀ ਦਿੱਤੀ ਹੈ, ਕਿੱਡੀ ਅਜੀਬ ਗੱਲ ਹੈ। ਕਿ ਸ਼ਿਕਾਇਤ ਕਰਨ ਵਾਲੇ ਉਹ ਹਨ ਜਿਨ੍ਹਾਂ ਨੇ ਅੱਜ ਤੱਕ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਗੁਰੂ ਗਰੰਥ ਨੂੰ ਪ੍ਰਗਟ ਗੁਰਾਂ ਦੀ ਦੇਹ ਮੰਨਿਆ ਹੀ ਨਹੀਂ ਜਿਨ੍ਹਾਂ ਨੇ ਗੁਰੂ ਗਰੰਥ ਦੇ ਸੈਂਕੜੇ ਸਰੂਪ ਕਤਲ ਕਰਵਾਏ। ਜਿਨ੍ਹਾਂ ਨੇ ਸਦਾ ਗੁਰੂ ਗਰੰਥ ਦੇ ਸਾਹਮਣੇ ਖੜੇ ਹੋ ਕੇ ਕੂੜ ਬੋਲਿਆ, ਇਕ ਵਾਰ ਨਹੀਂ ਸੈਂਕੜੇ ਵਾਰ ਤੇ ਝੂਠ ਬੋਲਦਿਆਂ ਕਦੇ ਸੰਗ ਤੇ ਸ਼ਰਮ ਨਾ ਕੀਤੀ ਤੇ ਗੁਰੂ ਗਰੰਥ ਦਾ ਮਨ ਵਿਚ ਭੈ ਵੀ ਨਾ ਰਖਿਆ।

ਮੈਂ ਤਾਂ ਇਕ ਨਿਮਾਣਾ ਸਿੱਖ ਹਾਂ, ਗੁਰੂ ਗਰੰਥ ਦਾ ਪੂਰਾ ਆਦਰ ਤੇ ਸਤਿਕਾਰ ਕਰਦਾ ਹਾਂ, ਮੈਂ ਕਦੇ ਗੁਰੂ ਗਰੰਥ ਦੇ ਸਾਹਮਣੇ ਝੂਠ ਨਹੀਂ ਬੋਲਿਆ, ਅਰਦਾਸਾਂ ਤੇ ਪ੍ਰਣ ਕਰਕੇ ਭਗੌੜਾ ਨਹੀਂ ਹੋਇਆ। ਮੈਂ 1947 ਜਨਵਰੀ ਤੋਂ ਸਿੱਖ ਕੌਮ ਦੀ ਨਿਸਕਾਮ ਸੇਵਾ ਕਰਦਾ ਆ ਰਿਹਾ ਹਾਂ। ਮੈਂ ਸਿੱਖੀ ਤੇ ਕੌਮ ਦੇ ਨਾਮ ਤੇ ਕੋਈ ਕਮਾਈ ਨਹੀਂ ਕੀਤੀ। ਟੌਹੜਾ ਤੇ ਉਸ ਦੇ ਟੋਲੀਦਾਰ ਮੇਰੇ ਹੱਥਾਂ ਵਿਚ ਜਮੇਂ, ਇਹਨਾਂ ਪੰਥ ਤੇ ਕੌਮ ਦੇ ਨਾਮ ਤੇ ਲੱਖਾਂ ਕਰੋੜਾਂ ਕਮਾਏ। ਜਿਨ੍ਹਾਂ ਦੇ ਵਲਦੀਅਤ ਦੇ ਖਾਨੇ ਵਿਚ ਨਾਮਾਲੂਮ ਲਿਖਿਆ ਹੁੰਦਾ ਜੀ ਜਿਨ੍ਹਾਂ ਦੇ ਪਾਸ ਸਵਾਰੀ ਲਈ ਸੰਢਾ ਵੀ ਨਹੀਂ ਸੀ ਉਹ ਅੱਜ ਕਰੋੜਾਂ ਦੇ ਮਾਲਕ ਬਣੇ ਬੈਠੇ ਹਨ। ਕਾਰਾਂ ਤੇ ਹਵਾਈ ਜਹਾਜ਼ਾਂ ਤੇ ਸਫਰ ਕਰਦੇ ਹਨ ਜਿਹੜੇ



Digitized by Panjab Digital Library | www.panjabdigilib.org

ਲੋਕਾਂ ਦੇ ਮੈਂ ਪੋਤੜਿਆਂ ਤੋਂ ਜਾਣੂ ਹਾਂ, ਜਿਨ੍ਹਾਂ ਵਿਚ ਗੁਰੂ ਨਾਨਕ ਦੀ ਸਿੱਖੀ ਵਾਲੀ ਕੋਈ ਗੱਲ ਵੀ ਨਹੀਂ, ਜਿਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸੰਤ ਸਿਪਾਹੀ ਖਾਲਸੇ ਦੇ ਕ੍ਰਿਦਾਰ ਤੇ ਕਰਨੀ ਦਾ ਨਾਮ ਨਿਸ਼ਾਨ ਤੱਕ ਨਹੀਂ, ਉਸ ਭੇਖੀ ਟੋਲੇ ਨੂੰ ਮੈਂ ਸਿੱਖੀ ਦਾ ਮਾਲਕ ਨਹੀਂ ਮੰਨਦਾ। ਸਿੱਖੀ ਤੇ ਸਿੱਖਾਂ ਦੀ ਸਾਰੀ ਦੁਰਦਸ਼ਾ, ਜਾਨੀ ਤੇ ਮਾਲੀ ਨੁਕਸਾਨ ਦੇ ਦੋਸ਼ੀ ਇਹ ਹੀ ਹਨ। ਇਸ ਲਈ ਜਿੰਨਾ ਸਮਾਂ ਇਹਨਾਂ ਤੋਂ ਸਿੱਖੀ ਤੇ ਸਿੱਖਾਂ ਨੂੰ ਨਿਜਾਤ ਨਹੀਂ ਦਿਵਾਈ ਜਾਂਦੀ, ਨਾ ਕੌਮ ਸੰਕਟ ਚੋਂ ਨਿਕਲ ਸਕਦੀ ਹੈ, ਨਾ ਚੜ੍ਹਦੀ ਕਲਾ ਵਿਚ ਜਾ ਸਕਦੀ ਹੈ, ਟੌਹੜਾ ਸਿੱਖੀ ਲਈ ਪੇਟ ਦਾ ਕੈਂਸਰ ਹੈ। ਇਸ ਦੇ ਟੋਲੀਦਾਰ ਕੈਂਸਰ ਦੇ ਜਿਰਮ ਹਨ। ਜਿਵੇਂ ਅਮਰਵੇਲ (ਨਿਰਾਧਾਰ) ਬੂਟੇ ਨੂੰ ਹਰਾ ਭਰਾ ਨਹੀਂ ਰਹਿਣ ਦੇਂਦੀ। ਟੌਹੜਾ ਤੇ ਉਸਦੀ ਜੁੰਡਲੀ ਉਸੇ ਤਰ੍ਹਾਂ ਸਿੱਖੀ ਦੇ ਬੂਟੇ ਉਤੇ ਅਮਰਵੇਲ ਵਾਂਗ ਛਾਏ ਹੋਏ ਹਨ। ਜਿੰਨਾ ਸਮਾਂ ਇਹਨਾਂ ਨੂੰ ਛਾਂਗ ਕੇ ਬੂਟੇ ਨੂੰ ਆਜ਼ਾਦ ਨਹੀਂ ਕੀਤਾ ਜਾਂਦਾ, ਸਿੱਖੀ ਦਾ ਬੂਟਾ ਹਰਾ ਭਰਾ ਨਹੀਂ ਹੋ ਸਕਦਾ, ਇਸ ਉਤੇ ਬਹਾਰ ਨਹੀਂ ਆ ਸਕਦੀ।

## ਮੇਰੀ ਪੁਜ਼ੀਸ਼ਨ ਬੜੀ ਸਪੱਸ਼ਟ ਹੈ

ਮੈਂ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਫਲਸਫਿਆਂ ਦਾ ਸਿੱਖ ਹਾਂ, ਮੈਂ ਪੁਜਾਰੀਆਂ, ਮਸੰਦਾਂ (ਜਥੇਦਾਰਾਂ ਤੇ ਹੈਡਗਰੰਥੀਆਂ) ਤੇ ਉਹਨਾਂ ਦੇ ਆਕਾ (ਪ੍ਰਧਾਨ ਟੌਹੜੇ) ਦਾ ਸਿੱਖ ਨਹੀਂ।

ਗੁਰੂ ਨਾਨਕ ਦਾ ਫਲਸਫਾ ਤੇ ਸਿਖਿਆ

ਮੈਂ ਉਸ ਗੁਰੂ ਨਾਨਕ ਦਾ ਸਿੱਖ ਹਾਂ, ਜਿਸ ਨਾਨਕ ਨੇ, ਹਿੰਦੂ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਗਰੀਬ, ਲਿਤਾੜੇ ਤੇ ਪਿਛਾੜੇ ਲੋਕਾਂ, ਜਿਨ੍ਹਾਂ ਨੂੰ ਹਿੰਦੂ ਧਰਮ ਦੇ ਪੁਜਾਰੀ ਤੇ ਬਰਾਮਣ ਮੰਦਰਾਂ ਵਿਚ ਦਾਖਲ ਨਹੀਂ ਸੀ ਹੋਣ ਦੇਂਦੇ, ਜਿਨ੍ਹਾਂ ਨੂੰ ਪੁਜਾਰੀਆਂ ਨੇ ਮਨੁੱਖਤਾ ਚੋਂ ਛੇਕ ਕੇ ਸਮਾਜ ਸੁਸਾਇਟੀ ਨਾਲੋਂ ਤੋੜ ਕੇ ਸੁਟਿਆ ਹੋਇਆ ਸੀ, ਨੂੰ ਇਕ ਹੋਕਾ ਦਿੱਤਾ ਸੀ, ਤੇ ਫੁਰਮਾਇਆ ਸੀ ਕਿ ਸੰਸਾਰ ਦੇ ਲੋਕੋ, ਸਮੁੱਚੇ ਸੰਸਾਰ ਤੇ ਸਰਿਸ਼ਟੀ ਦਾ ਕਰਤਾ ਤੇ ਰਚਣਹਾਰ ਇਕ ਨਿਰੰਕਾਰ (ਅਕਾਲ ਪੁਰਖ, ਵਾਹਿਗੁਰੂ) ਹੈ। ਹਰ ਮਨੁੱਖ ਉਸ ਦਾ ਪੈਦਾ ਕੀਤਾ ਹੋਇਆ ਹੈ, ਨਾ ਕੋਈ ਉੱਚਾ ਹੈ, ਨਾ ਨੀਵਾਂ ਹੈ, ਨਾ ਕੋਈ ਸਵਰਨ ਹੈ ਨਾ ਅਛੂਤ ਹੈ, ਨਾ ਕੋਈ ਸੁੱਚਾ ਹੈ ਨਾ ਕੋਈ ਭਿਟਿਆ ਹੋਇਆ ਹੈ। ਹਰ ਮਨੁੱਖ ਨੂੰ ਸਰਿਸ਼ਟੀ ਦੇ ਸਾਜਨਹਾਰ ਅਕਾਲ ਪੁਰਖ ਦੀ ਭਗਤੀ ਕਰਨ ਤੇ ਸਿਮਰਨ ਕਰਨ ਦਾ ਪੂਰਨ ਅਧਿਕਾਰ ਹੈ, ਪੂਰੀ ਖੁੱਲ੍ਹ ਹੈ। ਹਰ ਮਨੁੱਖ ਸਿਧੇ ਤੌਰ ਤੇ ਬਿਨਾਂ ਕਿਸੇ ਵਿਚੋਲੇ ਦੇ ਉਸ ਨਾਲ ਨਾਤਾ ਜੋੜ ਸਕਦਾ ਹੈ, ਨੇੜ ਕਰ ਸਕਦਾ ਹੈ, ਉਸਦੀ ਭਗਤੀ ਤੇ ਸਿਮਰਨ ਕਰ ਸਕਦਾ ਹੈ। ਜੇ ਤੁਹਾਨੂੰ ਪੁਜਾਰੀ ਤੇ ਬਰਾਹਮਣ ਮੰਦਰਾਂ ਵਿਚ ਦਾਖਲ ਨਹੀਂ ਹੋਣ ਦੇਂਦੇ, ਤਾਂ ਚਿੰਤਾ ਦੀ ਕੋਈ ਗੱਲ ਨਹੀਂ। ਨਾ ਅਕਾਲ ਪੁਰਖ (ਨਿਰੰਕਾਰ)



Digitized by Panjab Digital Library | www.panjabdigilib.org

ਹੀ ਮੰਦਰਾਂ ਅੰਦਰ ਹੈ ਤੇ ਨਾ ਹੀ ਪੁਜਾਰੀ ਤੇ ਬਰਾਹਮਣ ਉਸ ਦੇ ਮੁਖਤਾਰਆਮ ਤੇ ਦਲਾਲ ਹਨ। ਇਹਨਾਂ ਤੋਂ ਬਿਨਾਂ ਵੀ ਤੁਸੀਂ ਨਿਰੰਕਾਰ (ਅਕਾਲ ਪੁਰਖ) ਨਾਲ ਨਾਤਾ ਜੋੜ ਸਕਦੇ ਹੋ ਤੇ ਅਕਾਲ ਪੁਰਖ ਦੀਆਂ ਬਖਸ਼ਿਸ਼ਾਂ ਦੇ ਪਾਤਰ ਬਣ ਸਕਦੇ ਹੋ। ਉਸ ਦੀਆਂ ਬਖਸ਼ਿਸ਼ਾਂ ਦਾ ਪਾਤਰ ਬਣਨ ਲਈ ਪੁਜਾਰੀਆਂ ਤੇ ਬਰਾਹਮਣਾਂ ਦੇ ਪਰਮਿਟ ਦੀ ਲੋੜ ਨਹੀਂ। ਨਾ ਹੀ ਇਹਨਾਂ ਦੀ ਛੇਕਾ ਛਾਕੀ ਉਸ ਵਿਚ ਰੋੜਾ ਬਣ ਸਕਦੀ ਹੈ। ਗੁਰੂ ਨਾਨਕ ਦੇ ਇਸ ਹੋਕੇ ਨੇ ਪੰਦਰਵੀਂ ਸਦੀ ਦੇ ਗਰੀਬ, ਲਿਤਾੜੇ ਤੇ ਪਿਛਾੜੇ ਹਿੰਦੂਆਂ ਨੂੰ ਗੁਰੂ ਨਾਨਕ ਦਾ ਨੇੜ ਕਰਨ ਤੇ ਉਸਦੀ ਸਿਖਿਆ ਅਪਨਾਉਣ ਲਈ ਪ੍ਰੇਰਿਆ ਤੇ ਉਹਨਾਂ ਨੇ ਗੁਰੂ ਨਾਨਕ ਦੀ ਦੱਸੀ ਸਿਖਿਆ ਤੇ ਜੀਵਨ ਜਾਚ ਅਪਣਾ ਲਈ ਤੇ ਉਹ ਹੀ ਛੇਕੇ ਹੋਏ ਉਸ ਸਮੇਂ ਦੇ ਨੀਚ ਲੋਕ ਅੱਜ ਦੇ ਸਿੱਖ ਸਰਦਾਰਾਂ ਦੇ ਬਜ਼ੁਰਗ ਸਨ। ਅਸੀਂ ਸਾਰੇ ਉਹਨਾਂ ਦੀ ਹੀ ਸੰਤਾਨ ਹਾਂ, ਭਾਵੇਂ ਮੈਂ ਹਾਂ, ਟੌਹੜਾ ਹੈ, ਜਾਂ ਟੌਹੜੇ ਦੀ ਪੌਲਟ ਬਿਓਰੋ ਦੇ ਪੁਜਾਰੀ ਤੇ ਮਸੰਦ (ਜਥੇਦਾਰ ਤੇ ਹੈਡਗਰੰਥੀ) ਹਨ।

ਸਿੱਖੀ ਤੇ ਸਿੱਖ ਧਰਮ ਦੇ ਫਲਸਫੇ ਦੇ ਦੇਣ ਵਾਲਾ ਗੁਰੂ ਨਾਨਕ ਹੈ। ਜਿਸ ਫਲਸਫੇ ਦਾ ਵਰਣਨ ਉੱਪਰ ਕੀਤਾ ਗਿਆ ਹੈ। ਸਿੱਖੀ ਗੁਰੂ ਨਾਨਕ ਦੀ ਦੇਣ ਹੈ। ਜਿਸ ਵਿਚ ਪੁਜਾਰੀਆਂ, ਮਸੰਦਾਂ, ਜਥੇਦਾਰ ਤੇ ਹੈਡਗਰੰਥੀਆਂ ਦਾ ਕੋਈ ਦਖਲ ਨਹੀਂ ਕਿਉਂਕਿ ਅਜੇਹੇ ਪੁਜਾਰੀਆਂ ਤੇ ਬਰਾਹਮਣਾਂ ਦਾ ਤਾਂ ਗੁਰੂ ਨਾਨਕ ਨੇ ਜ਼ੋਰਦਾਰ ਖੰਡਨ ਕੀਤਾ ਸੀ ਤੇ ਇਹਨਾਂ ਤੋਂ ਬਾਗੀ ਕਰਕੇ ਆਜ਼ਾਦ ਕਰਕੇ ਲੋਕਾਂ ਨੂੰ ਸਿੱਧੇ ਤੌਰ ਤੇ ਅਕਾਲ ਪੁਰਖ ਨਾਲ ਜੋੜਨ ਲਈ ਸਿੱਖੀ ਦਾ ਫਲਸਫਾ ਦਿੱਤਾ ਸੀ। ਪਰ ਜੇ ਪੰਜ ਸਦੀਆਂ ਪਿਛੋਂ ਹੀ ਸਿੱਖੀ ਦੇ ਫਲਸਫੇ ਉਤੇ ਪੰਦਰਵੀਂ ਸਦੀ ਦੇ ਪੁਜਾਰੀਆਂ ਅਤੇ ਬਰਾਹਮਣਾਂ ਵਾਂਗ ਅੱਜ ਦੇ ਕੇਸਾਧਾਰੀ ਪੁਜਾਰੀ ਤੇ ਮਸੰਦ (ਜਥੇਦਾਰ ਤੇ ਹੈਡਗਰੰਥੀ) ਕਾਬਜ਼ ਹੋ ਕੇ ਸਿੱਖੀ ਨੂੰ ਆਪਣੀ ਨਿੱਜੀ ਮਲਕੀਅਤ ਸਮਝ ਕੇ ਉਹਨਾਂ ਸਿੱਖਾਂ ਨੂੰ, ਜੋ ਇਹਨਾਂ ਦੀਆਂ ਮਨਮੱਤਾਂ ਤੇ ਅੰਧਵਿਸ਼ਵਾਸੀ ਵਿਰੁੱਧ ਆਵਾਜ਼ ਉਠਾਉਂਦੇ ਹਨ, ਓਸੇ ਤਰਜ਼ ਤੇ ਸਿੱਖੀ ਚੋਂ ਛੇਕਣ ਦੇ ਡਰਾਵਿਆਂ ਨਾਲ ਚੁੱਪ ਕਰਵਾਉਣਾ ਚਾਹੁੰਦੇ ਹਨ ਤਾਂ ਇਹ ਇਨ ਬਿਨ ਉਸੇ ਤਰ੍ਹਾਂ ਦੀ ਛੇਕਾ ਛੇਕੀ ਹੈ। ਜਿਸ ਰਾਹੀਂ ਸਾਡੇ ਪੰਦਰਵੀਂ ਸਦੀ ਦੇ ਬਜ਼ੁਰਗਾਂ ਨੂੰ ਉਸ ਸਮੇਂ ਦੇ ਪੁਜਾਰੀਆਂ ਤੇ ਬਰਾਹਮਣਾਂ ਨੇ ਮੰਦਰਾਂ ਅਤੇ ਸਮਾਜ ਸੁਸਾਇਟੀ ਚੋਂ ਛੇਕਿਆ ਹੋਇਆ ਸੀ। ਇਸ ਨੂੰ ਗੁਰੂ ਨਾਨਕ ਦੀ ਸਿੱਖੀ ਨਹੀਂ ਮੰਨਿਆ ਜਾ ਸਕਦਾ। ਕਿਉਂਕਿ ਗੁਰੂ ਨਾਨਕ ਦੀ ਸਿੱਖੀ ਦਾ ਜਨਮ ਹੀ ਪੁਜਾਰੀਆਂ ਦੀਆਂ ਬਰਾਮਣਵਾਦੀ ਮਨਮੱਤਾਂ ਦੇ ਵਿਰੋਧ ਚੋਂ ਹੋਇਆ ਸੀ। ਅੱਜ ਦੇ ਜਥੇਦਾਰ ਤੇ ਹੈਡਗਰੰਥੀ ਵੀ ਉਹੋ ਕੰਮ ਕਰ ਰਹੇ ਹਨ, ਜੋ ਪੰਦਰਵੀਂ ਸਦੀ ਦੇ ਪੁਜਾਰੀ ਤੇ ਬਰਾਹਮਣ ਕਰਦੇ ਸਨ, ਸਿੱਖੀ ਦਾ ਇਤਿਹਾਸ ਗਵਾਹ ਹੈ ਕਿ ਪੁਜਾਰੀਆਂ ਤੇ ਬਰਾਹਮਣਾਂ ਨੇ ਜਿਹੜੇ ਹਿੰਦੂਆਂ ਨੂੰ ਮੰਦਰਾਂ ਤੇ ਸਮਾਜ ਸੁਸਾਇਟੀਆਂ ਚੋਂ ਛੇਕਿਆ ਹੋਇਆ ਸੀ, ਉਹਨਾਂ ਹਿੰਦੂਆਂ ਨੇ ਹੀ ਸਿੱਖੀ (ਗੁਰੂ ਨਾਨਕ ਦੀ ਸਿਖਿਆ) ਕਬੂਲ ਕੀਤੀ



Digitized by Panjab Digital Library | www.panjabdigilib.org

ਸੀ ਤੇ ਸਿੱਖੀ ਦਾ ਜਨਮ ਹੀ ਪੁਜਾਰੀਆਂ ਤੇ ਬਰਾਹਮਣਾਂ ਦੀ ਛੇਕਾ ਛੇਕੀ ਦੀ ਨੀਤੀ ਦੇ ਵਿਰੋਧ ਚੋਂ ਹੋਇਆ ਸੀ, ਜੇ ਲੋਕ ਪੁਜਾਰੀਆਂ ਤੇ ਬਰਾਹਮਣਾਂ ਦੀਆਂ ਗਲਤ ਨੀਤੀਆਂ ਤੋਂ ਬਾਗੀ ਹੋ ਕੇ ਗੁਰੂ ਨਾਨਕ ਦੀ ਸਿਖਿਆ ਨਾ ਅਪਣਾਉਂਦੇ ਤਾਂ ਸਿੱਖੀ ਹੋਂਦ ਵਿਚ ਹੀ ਨਾ ਆਉਂਦੀ। ਇਹ ਸਭ ਕੁਝ ਸਪੱਸ਼ਟ ਕਰਦਾ ਹੈ ਕਿ ਪੁਜਾਰੀਆਂ ਮਸੰਦਾਂ ਦੀਆਂ ਗਲਤ ਨੀਤੀਆਂ ਵਿਰੁੱਧ ਬਗਾਵਤ ਕਰਨਾ ਹੀ ਸੱਚੀ ਤੇ ਅਸਲ ਸਿੱਖੀ ਹੈ ਤੇ ਇਹ ਸਿਖਿਆ ਗੁਰੂ ਨਾਨਕ ਦੀ ਹੀ ਦਿੱਤੀ ਹੋਈ ਹੈ।

ਕੋਈ ਵੀ ਰੋਸ਼ਨ ਦਿਮਾਗ ਵਿਦਵਾਨ ਤੇ ਸੱਚਾ ਸਿੱਖ ਜੋ ਸਿੱਖੀ ਦੇ ਫਲਸਫੇ ਤੋਂ ਪੂਰੀ ਤਰ੍ਹਾਂ ਜਾਣੂੰ ਹੈ ਉਹ ਪੁਜਾਰੀ ਤੇ ਬਰਾਹਮਣੀ ਟਾਈਪ ਜਥੇਦਾਰਾਂ ਤੇ ਹੈਡਗਰੰਥੀਆਂ ਨੂੰ ਗੁਰੂ ਨਾਨਕ ਦੀ ਸਿੱਖੀ ਦਾ ਕਰਤਾ ਧਰਤਾ ਤੇ ਮੁਖਤਾਰੇਆਮ ਨਹੀਂ ਮੰਨ ਸਕਦਾ ਤੇ ਸ਼ਰੋਮਣੀ ਕਮੇਟੀ ਜੋ ਗੁਰੂ ਨਾਨਕ ਤੋਂ ਪੰਜ ਸੌ ਸਾਲ ਪਿਛੋਂ ਅੰਗਰੇਜ਼ ਬਾਦਸ਼ਾਹਾਂ ਨੇ ਸਿੱਖੀ ਵਿਚ ਪੁਜਾਰੀਆਂ ਦੇ ਅੱਡੇ ਪੱਕੇ ਕਰਨ ਲਈ 1925 ਵਿਚ ਕਾਇਮ ਕੀਤੀ ਸੀ, ਉਸ ਦੇ ਪ੍ਰਧਾਨ ਨੂੰ ਸਿੱਖੀ ਦਾ ਮਾਲਕ ਨਹੀਂ ਮੰਨ ਸਕਦਾ ਤੇ ਗੁਰਦਵਾਰਾ ਐਕਟ ਰਾਹੀਂ ਥਾਪੇ ਸ਼ਰੋਮਣੀ ਕਮੇਟੀ ਦੇ ਤਨਖਾਹਦਾਰ ਮੁਲਾਜ਼ਮ ਪੁਜਾਰੀਆਂ ਜਿਨ੍ਹਾਂ ਨੂੰ ਜਥੇਦਾਰ ਤੇ ਹੈਡਗਰੰਥੀ ਪ੍ਰਚਾਰ ਕੇ ਗੁਰੂ ਨਾਨਕ ਦੀ ਸਿੱਖੀ ਨੂੰ ਕੁਰਾਹੇ ਪਾਇਆ ਜਾ ਰਿਹਾ ਹੈ, ਨੂੰ ਕੋਈ ਵਿਸ਼ੇਸ਼ਤਾ ਤੇ ਮਾਨਤਾ ਨਹੀਂ ਦੇ ਸਕਦਾ। ਸਿੱਖੀ ਗੁਰੂ ਨਾਨਕ ਦੀ ਦੇਣ ਹੈ ਤੇ ਗੁਰੂ ਨਾਨਕ ਦੀ ਸਿਖਿਆ ਹੀ ਇਸ ਦਾ ਮੁੱਢਲਾ ਸਿਧਾਂਤ ਹੈ। ਕੋਈ ਵੀ ਪੁਜਾਰੀ ਤੇ ਮਸੰਦ ਟਾਈਪ ਜਥੇਦਾਰ ਤੇ ਹੈਡਗਰੰਥੀ ਇਸਨੂੰ ਆਪਣੀ ਮਨਮਰਜ਼ੀ ਦੀ ਜਾਂ ਨਿੱਜੀ ਮਨਮੱਤਾਂ ਦੀ ਸੇਧ ਨਹੀਂ ਦੇ ਸਕਦਾ। ਨਵੇਂ ਪੂਰਨੇ ਨਹੀਂ ਪਾ ਸਕਦਾ। ਸਿੱਖੀ ਦੇ ਗਾਡੀ ਰਾਹ ਤੋਂ ਲੀਹ ਪਾੜ ਕੇ ਗੁਰੂ ਨਾਨਕ ਦੇ ਸਿਧਾਂਤਕ ਫਲਸਫੇ ਦਾ ਵਿਰੋਧ ਕਰਕੇ ਸਿੱਖਾਂ ਨੂੰ ਕੁਰਾਹੇ ਨਹੀਂ ਪਾ ਸਕਦਾ, ਗੁਮਰਾਹ ਨਹੀਂ ਕਰ ਸਕਦਾ।

## ਗੁਰੂ ਗੋਬਿੰਦ ਸਿੰਘ ਜੀ ਦਾ ਫਲਸਫਾ

ਜਦ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਵਿਚ ਵੱਡੀ ਤੇ ਵਿਸ਼ੇਸ਼ ਤਰਮੀਮ ਕਰਕੇ ਸਿੱਖੀ ਸਰੂਪ ਤੇ ਸਿੱਖ ਕਰਨੀ ਵਿਚ ਤਬਦੀਲੀ ਕਰਕੇ ਭਗਤੀ ਤੇ ਸ਼ਕਤੀ ਦੇ ਸੁਮੇਲ ਚੋਂ ਸੰਤ ਸਿਪਾਹੀ ਖਾਲਸੇ ਨੂੰ ਜਨਮ ਦੇ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੇ ਫਲਸਫੇ ਨੂੰ ਵੀ ਗੁਰੂ ਨਾਨਕ ਵਾਂਗ ਹੀ ਪੁਜਾਰੀਆਂ, ਮਸੰਦਾਂ (ਜਥੇਦਾਰਾਂ ਅਤੇ ਹੈਡਗਰੰਥੀਆਂ) ਤੋਂ ਪੂਰੀ ਤਰ੍ਹਾਂ ਮੁਕਤ ਰਖਿਆ, ਉਸ ਸਮੇਂ ਵੀ ਜਥੇਦਾਰ ਅਕਾਲ ਤਖਤ ਅਤੇ ਹੈਡਗਰੰਥੀ ਸ੍ਰੀ ਦਰਬਾਰ ਸਾਹਿਬ ਦੀਆਂ ਦੋ ਉੱਚ ਪਦਵੀਆਂ ਕਾਇਮ ਸਨ। ਪਰ ਖਾਲਸੇ ਦੇ ਸਾਜਨਹਾਰ ਨੇ ਖਾਲਸਾ ਪੰਥ ਦੇ ਫਲਸਫੇ ਉਤੇ ਪੁਜਾਰੀਆਂ ਤੇ ਮਸੰਦਾਂ ਦਾ ਪ੍ਰਛਾਵਾਂ ਵੀ ਨਾ ਪੈਣ ਦਿੱਤਾ। ਇਹੋ ਕਾਰਨ



Digitized by Panjab Digital Library | www.panjabdigilib.org

ਸੀ ਕਿ ਉਹਨਾਂ ਨੂੰ ਵਿਸਾਖੀ 1699 ਵਾਲੇ ਇਕੱਠ ਲਈ ਵੀ ਖਾਸ ਤੌਰ ਤੇ ਵਿਸ਼ੇਸ਼ ਤੌਰ ਤੇ ਨਾ ਬੁਲਾਇਆ ਗਿਆ। ਜਥੇਦਾਰ ਅਕਾਲ ਤਖਤ ਤੇ ਹੈਡਗਰੰਥੀ ਦਰਬਾਰ ਸਾਹਿਬ ਤੇ ਉਹਨਾ ਦੇ ਪਜਾਰੀਆਂ ਦੀ ਫੌਜ ਜਿਸ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਰਬਾਰ ਸਾਹਿਬ ਸਮੂਹ ਅੰਦਰ ਦਾਖਲ ਹੋਣ ਦੀ ਆਗਿਆ ਹੀ ਨਹੀਂ ਸੀ ਦਿੱਤੀ ਮੱਥਾ ਨਹੀਂ ਸੀ ਟੇਕਣ ਦਿੱਤਾ, ਸਭ ਨੇ ਵਿਸਾਖੀ ਵਾਲੇ ਅੰਨਦਪੁਰ ਸਾਹਿਬ ਵਿਖੇ ਹੋ ਰਹੇ ਸਿੱਖ ਇਕੱਠ ਵਿਚ ਜਾਣਾ ਉੱਚਤ ਹੀ ਨਾ ਸਮਝਿਆ। ਨਾ ਉਹ ਖਾਲਸਾ ਤੇ ਖਾਲਸਾ ਪੰਥ ਦੀ ਸਾਜਣਾ ਵਾਲੇ ਇਕੱਠ ਵਿਚ ਸ਼ਾਮਲ ਹੋਏ, ਨਾ ਉਹਨਾਂ ਆਪਣੇ ਆਪ ਨੂੰ ਸੀਸ ਭੇਟ ਕਰਨ ਵਾਲਿਆਂ ਵਿਚ ਸ਼ਾਮਲ ਕੀਤਾ, ਨਾ ਹੀ ਗੁਰੂ ਜੀ ਨੂੰ ਸੀਸ ਭੇਟ ਕੀਤੇ। ਏਹੋ ਕਾਰਨ ਸੀ ਕਿ ਗੁਰੂ ਜੀ ਨੇ ਅੰਮ੍ਰਿਤ ਤਿਆਰ ਕਰਨ ਸਮੇਂ ਵੀ ਇਹਨਾਂ ਦੀ ਲੋੜ ਤੇ ਥੁੜ ਮਹਿਸੂਸ ਨਾ ਕੀਤੀ ਇਹਨਾਂ ਨੂੰ ਅੰਮ੍ਰਿਤ ਛਕਾਉਣਾ ਵੀ ਜ਼ਰੂਰੀ ਨਾ ਸਮਝਿਆ ਤੇ ਪੰਜਾਂ ਪਿਆਰਿਆਂ ਦੀ ਥਾਪਨਾ ਸਮੇਂ ਵੀ ਇਹਨਾਂ ਨੂੰ ਪੰਜਾਂ ਪਿਆਰਿਆਂ ਵਿਚ ਸ਼ਾਮਲ ਕਰਨ ਦੇ ਯੋਗ ਨਾ ਸਮਝਿਆ ਕਿਉਂਕਿ ਇਹ ਨਿਰੋਲ ਪੁਜਾਰੀਆਂ ਤੇ ਮਸੰਦਾਂ ਤੱਕ ਹੀ ਸੀਮਤ ਸਨ।

ਖਾਲਸਾ ਪੰਥ ਦੇ ਫਲਸਫੇ ਬਾਰੇ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਕਿਆਸ ਤੇ ਵਿਸ਼ਵਾਸ ਸੀ ਕਿ ਇਹ ਫਲਸਫਾ ਸਾਰੀ ਮਨੁੱਖਤਾ ਤੇ ਲੋਕਾਈ ਦੀ ਭਲਾਈ ਦਾ ਫਲਸਫਾ ਹੈ। ਜੇ ਇਸ ਨੂੰ ਪੂਰੀ ਤਰ੍ਹਾਂ ਸਮਝ ਕੇ ਅਪਣਾਇਆ ਜਾਏ ਇਸ ਨੂੰ ਮਨੁੱਖਤਾ ਦੇ ਭਲੇ ਦੀ ਗੱਲ ਮੰਨ ਕੇ ਇਸ ਦੇ ਹਰ ਪੱਖ ਤੋਂ ਪੂਰੀ ਜਾਣਕਾਰੀ ਪ੍ਰਾਪਤ ਕਰਕੇ ਇਸ ਉਤੇ ਆਪ ਅਮਲ ਕੀਤਾ ਜਾਏ ਤੇ ਸੰਸਾਰ ਦੇ ਲੋਕਾਂ ਵਿਚ ਇਸ ਦਾ ਪ੍ਰਚਾਰ ਕੀਤਾ ਜਾਏ ਤਾਂ ਸੰਸਾਰ ਭਰ ਦੇ ਸਾਰੇ ਲੋਕ ਜਿਨ੍ਹਾਂ ਦੀ 1700 ਵਿਚ ਕੁੱਲ ਗਿਣਤੀ 96 ਕਰੋੜ ਸੀ, ਉਹ ਸਾਰੇ ਦੇ ਸਾਰੇ ਇਸ ਫਲਸਫੇ ਨੂੰ ਅਪਣਾ ਸਕਦੇ ਹਨ ਤੇ ਖਾਲਸਾ ਪੰਥ 96 ਕਰੋੜੀ ਪੰਥ ਬਣ ਸਕਦਾ ਹੈ। ਪਰ ਗੁਰੂ ਜੀ ਤੋਂ ਪਿਛੋਂ 1733-34 ਵਿਚ ਹੀ ਸਿੱਖ ਮਿਸਲਾਂ ਦੇ ਸ੍ਰਦਾਰਾਂ ਨੇ ਇਸ ਨਿਆਰੇ ਫਲਸਫੇ ਦਾ ਕਰਤਾ ਧਰਤਾ ਪੁਜਾਰੀਆਂ (ਜਥੇਦਾਰਾਂ ਤੇ ਹੈਡਗਰੰਥੀਆਂ) ਨੂੰ ਬਣਾ ਦਿੱਤਾ। ਸਿੱਖ ਰਾਜ ਦੇ ਪਿਛੋਂ ਅੰਗਰੇਜ਼ ਹੁਕਮਰਾਨਾਂ ਨੇ ਸ੍ਰਕਾਰੀ ਐਕਟ ਰਾਹੀਂ ਸਿੱਖਾਂ ਨੂੰ ਚੜ੍ਹਤ ਚੜ੍ਹਾਵੇ ਦੀ ਬੋਟੀ ਦਾ ਸਵਾਦ ਪਾ ਕੇ ਗੋਲਕਾਂ ਤੇ ਪਲਣ ਵਾਲੇ ਟੋਲੇ ਨੂੰ ਸਿੱਖੀ ਤੇ ਖਾਲਸਾ ਪੰਥ ਦਾ ਮਾਲਕ ਬਣਾ ਦਿੱਤਾ ਤਾਂ ਗੁਰੂ ਕਲਗੀਧਰ ਦੇ ਮਿਥੇ ਨਿਸ਼ਾਨੇ ਦਾ ਪੱਕੇ ਤੌਰ ਤੇ ਹੀ ਭੋਗ ਪੈ ਗਿਆ। ਜਿਸ ਦੇ ਨਤੀਜੇ ਵਜੋਂ 96 ਕਰੋੜੀ ਬਣਨ ਵਾਲਾ ਖਾਲਸਾ ਪੰਥ ਅੱਜ 300 ਸਾਲ ਬੀਤ ਜਾਣ ਪਿਛੋਂ ਵੀ ਦੋ ਕਰੋੜ ਦੀ ਗਿਣਤੀ ਤੋਂ ਅੱਗੇ ਟੱਪ ਨਹੀਂ ਸਕਿਆ। ਗੁਰੂ ਗੋਬਿੰਦ ਸਿੰਘ ਜੀ ਦੀ ਭਵਿਸਬਾਣੀ ਗਲਤ ਸਾਬਤ ਕਰਨ ਦੇ ਦੋਸ਼ੀ ਇਹ ਪੁਜਾਰੀ ਤੇ ਮਸੰਦ ਟਾਈਪ ਜਥੇਦਾਰ, ਹੈਡਗਰੰਥੀ ਤੇ ਗੋਲਕ ਚੋਰ ਟੋਲਾ ਹੀ ਹਨ। ਜਿਨ੍ਹਾਂ ਨੇ ਸਮੁਚੀ ਮਨੱਖਤਾ ਦੇ ਭਲੇ ਦੇ ਵਿਸ਼ਾਲ ਤੇ ਨਿਆਰੇ ਫਲਸਫੇ ਨੂੰ ਕੱਟੜਤਾ ਦਾ ਰੰਗ ਦੇ ਕੇ ਦੂਜੇ ਸੰਸਾਰੀਆਂ ਨੂੰ ਤਾਂ ਕਿਧਰੇ ਸਮੁਚੇ



Digitized by Panjab Digital Library | www.panjabdigilib.org

ਸਿੱਖਾਂ ਲਈ ਵੀ ਇਸ ਨੂੰ ਨਾਂ ਕਾਬਲੇ ਕਬੂਲ ਬਣਾ ਕੇ ਰਖਿਆ ਹੋਇਆ ਹੈ। ਸੂਝਵਾਨ ਇਸ ਰਾਏ ਦੇ ਹਨ ਕਿ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੇ ਫਲਸਫੇ ਉਤੇ ਪੁਜਾਰੀ ਤੇ ਮਸੰਦ ਟਾਈਪ ਜਥੇਦਾਰਾਂ ਤੇ ਹੈਡਗਰੰਥੀਆਂ ਦਾ ਪ੍ਰਛਾਵਾਂ ਨਹੀਂ ਸੀ ਪੈਣ ਦਿੱਤਾ, ਜੇ ਉਸੇ ਨੀਤੀ ਉਤੇ ਸਿੰਘ ਚਲਦੇ ਰਹਿੰਦੇ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਕਿਆਸ ਅਰਾਈ ਅਵੱਸ਼ ਸੌ ਫੀਸਦੀ ਸੱਚੀ ਸਾਬਤ ਹੋ ਜਾਣੀ ਸੀ ਪਰ ਸਿੱਖ ਮਿਸਲਾਂ ਦੇ ਸ੍ਰਦਾਰਾਂ ਦੀ ਮਨਮੱਤ ਤੇ ਗ਼ਲਤੀ ਕਾਰਨ ਅਜੇਹਾ ਨਾ ਹੋ ਸਕਿਆ। ਨਤੀਜੇ ਵਜੋਂ ਅੱਜ 300 ਸਾਲ ਬੀਤ ਜਾਣ ਪਿਛੋਂ ਵੀ ਖਾਲਸਾ ਪੰਥ ਤਾਂ 96 ਕਰੋੜੀ ਪੰਥ ਨਹੀਂ ਬਣ ਸਕਿਆ ਤੇ ਨਾ ਹੀ ਕਦੇ ਬਣਨ ਦੀ ਆਸ ਕੀਤੀ ਜਾ ਸਕਦੀ ਹੈ। ਹਾਂ, ਗੋਲਕਾਂ ਦਾ ਚੜ੍ਹਾਵਾ 68 ਸਾਲਾਂ ਵਿਚ 60 ਕਰੋੜ ਰੁਪਏ ਤੇ ਜ਼ਰੂਰ ਪੁੱਜ ਗਿਆ ਹੈ ਤੇ ਅਗਲੇ ਦਸਾਂ ਪੰਦਰਾਂ ਸਾਲਾਂ ਵਿਚ 96 ਕਰੋੜ ਤੇ ਅਵੱਸ਼ ਪੁੱਜ ਜਾਏਗਾ।

ਉੱਪਰ ਦੱਸੇ ਇਤਿਹਾਸਕ ਪਿਛੋਕੜ ਨੂੰ ਮੁੱਖ ਰੱਖ ਕੇ ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ ਕੇਵਲ ਤੇ ਕੇਵਲ ਗੁਰੂ ਨਾਨਕ ਦਾ ਸਿੱਖ ਹਾਂ ਪੁਜਾਰੀਆਂ, ਮਸੰਦਾਂ (ਜਥੇਦਾਰਾਂ ਤੇ ਹੈਡਗਰੰਥੀਆਂ) ਦਾ ਸਿੱਖ ਨਹੀਂ ਹਾਂ। ਮੈਂ ਸਿੱਖੀ ਨੂੰ ਗੁਰੂ ਨਾਨਕ ਦੀ ਦੇਣ ਮੰਨਦਾ ਹਾਂ ਅੰਗਰੇਜ਼ ਸ੍ਰਕਾਰ ਦੇ ਐਕਟ ਰਾਹੀਂ ਅੱਜ ਤੋਂ 68 ਸਾਲ ਪਹਿਲਾਂ ਹੋਂਦ ਵਿਚ ਆਈ ਸ਼ਰੋਮਣੀ ਕਮੇਟੀ ਅਤੇ 20 ਸਾਲ ਤੋਂ ਬਣੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਟੌਹੜੇ ਦੀ ਦੇਣ ਨਹੀਂ ਮੰਨਦਾ, ਨਾ ਹੀ ਟੌਹੜੇ ਤੇ ਸ਼ਰੋਮਣੀ ਕਮੇਟੀ ਨੂੰ ਸਿੱਖੀ ਦਾ ਮਾਲਕ ਮੰਨਦਾ ਹਾਂ। ਇਸ ਲਈ ਨਾ ਮੈਂ ਇਹਨਾਂ ਦਾ ਪਾਬੰਦ ਹਾਂ, ਨਾ ਇਹਨਾਂ ਨੂੰ ਜਵਾਬਦੇਹ ਹਾਂ, ਨਾ ਮੈਂ ਇਹਨਾਂ ਦੀ ਖੁਦ ਸਾਖਤਾ ਕਿਸੇ ਕੂੜ ਕਚਹਿਰੀ ਵਿਚ ਪੇਸ਼ ਹੋਣ ਨੂੰ ਤਿਆਰ ਹਾਂ। ਕਿਉਂਕਿ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਟੌਹੜਾ, ਸਾਰੇ ਸ਼ਰੋਮਣੀ ਕਮੇਟੀ ਦੇ ਮੈਂਬਰ, ਜਥੇਦਾਰ ਅਤੇ ਹੈਡਗਰੰਥੀ ਅਰਦਾਸਾਂ ਤੇ ਸ਼ਹੀਦੀ ਦੇ ਲਿਖਤੀ ਪ੍ਰਣ ਪੱਤਰ ਭੰਗ ਕਰਕੇ ਸ਼ਹੀਦੀਆਂ ਤੋਂ ਭਗੌੜੇ ਹੋਏ ਹੋਏ ਹਨ। ਇਹ ਗੁਰੂ ਤੋਂ ਬਾਗੀ ਹਨ ਮੈਂ ਇਹਨਾਂ ਦੋਸ਼ੀਆਂ ਤੇ ਪਾਪੀਆਂ ਦੀ ਕੂੜ ਕਚਹਿਰੀ ਨੂੰ ਤਸਲੀਮ ਹੀ ਨਹੀਂ ਕਰਦਾ। ਕਿਉਂਕਿ ਜੇ ਮੈਂ ਪੁਜਾਰੀਆਂ ਮਸੰਦਾਂ ਆਦਿ ਨੂੰ ਨਿਰੰਕਾਰ ਅਕਾਲ ਪੁਰਖ ਦਾ ਮੁਖਤਾਰੇਆਮ ਜਾਂ ਗੁਰੂ ਨਾਨਕ ਦੀ ਸਿੱਖੀ ਦਾ ਮਾਲਕ ਤੇ ਹਾਕਮ ਮੰਨਣ ਦੀ ਗ਼ਲਤੀ ਕਰਦਾ ਹਾਂ ਤਾਂ ਮੈਂ ਗੁਰੂ ਨਾਨਕ ਦੀ ਸਿਖਿਆ ਤੋਂ ਬਗਾਵਤ ਕਰਦਾ ਹਾਂ। ਅਜੇਹੇ ਪਾਪ ਦਾ ਭਾਗੀ ਮੈਂ ਬਣਨ ਨੂੰ ਤਿਆਰ ਨਹੀਂ ਹਾਂ, ਇਸ ਲਈ ਮੇਰੀ ਪਜ਼ੀਸ਼ਨ ਬੜੀ ਸਪੱਸ਼ਟ ਹੈ ਕਿ ਮੈਂ ਪੁਜਾਰੀਆਂ (ਜਥੇਦਾਰਾਂ ਤੇ ਗਰੰਥੀਆਂ ਦੀ ਪੋਲਟ ਬਿਊਰੋ) ਦੇ ਸਾਹਮਣੇ ਪੇਸ਼ ਹੋ ਕੇ ਗੁਰੂ ਨਾਨਕ ਦੇ ਆਸ਼ੇ ਦਾ ਵਿਰੋਧ ਤੇ ਨਿਰਾਦਰ ਕਦਾਚਿਤ ਵੀ ਨਹੀਂ ਕਰ ਸਕਦਾ। ਸਿੱਖੀ ਲਈ ਸ਼ਰਧਾ ਤੇ ਅਕੀਦਤ ਮੇਰੇ ਨਿੱਜੀ ਵਿਸ਼ਵਾਸ਼ ਦਾ ਮਸਲਾ ਹੈ, ਇਸ ਵਿਚ ਮੈਂ ਕਿਸੇ ਦਾ ਵੀ ਦਖਲ ਸਹਿਣ ਕਰਨ ਨੂੰ ਤਿਆਰ ਨਹੀਂ ਹਾਂ।



Digitized by Panjab Digital Library | www.panjabdigilib.org

# ਗੁਰੂ ਗਰੰਥ ਦੀ ਖੋਜ ਦਾ ਹੁਕਮ ਗੁਰੂ ਗੋਬਿੰਦ ਸਿੰਘ ਜੀ ਦਾ ਦਿੱਤਾ ਹੋਇਆ ਹੈ

ਗੁਰੂ ਗਰੰਥ ਜੀ ਮਾਨਿਓ ਪਰਗਟ ਗੁਰਾਂ ਦੀ ਦੇਹ ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦਿ ਮਹਿ ਲੇਹ ।

ਇਹ ਪੰਗਤੀ ਉਸ ਦੋਹਰੇ ਦਾ ਧੁਰਾ ਹੈ, ਜੋ ਹਰ ਅਰਦਾਸ ਪਿਛੋਂ ਸਮੁੱਚੀਆਂ ਸਿੱਖ ਸੰਗਤਾਂ ਹਰ ਰੋਜ਼ ਪੜ੍ਹਦੀਆਂ ਹਨ ਤੇ ਜਿਨ੍ਹਾਂ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਕਾਲ ਦੇ ਅੰਤਮ ਸਮੇਂ ਨਾਂਦੇੜ (ਸੱਚ ਖੰਡ ਸ੍ਰੀ ਹਜ਼ੂਰ ਸਾਹਿਬ) ਵਿਖੇ ਇਹ ਤਿੰਨੇ ਪੰਗਤੀਆਂ ਸਿੰਘਾਂ ਲਈ ਬਤੌਰ ਹੁਕਮ, ਸੁਝਾਅ ਅਤੇ ਵਰ ਦੇ ਉਚਾਰੀਆਂ ਸਨ । ਕਿਉਂਕਿ ਇਹ ਤਿੰਨੇ ਪੰਗਤੀਆਂ ਉਚਾਰਨ ਪਿਛੋਂ ਗੁਰੂ ਦੀ ਤੁਰਤ ਅਕਾਲ ਪੁਰਖ ਨੂੰ ਪਿਆਰੇ ਹੋ ਗਏ ਸਨ । ਇਸ ਲਈ ਗੁਰੂ ਜੀ ਇਹਨਾਂ ਤਿੰਨਾਂ ਪੰਗਤੀਆਂ ਨੂੰ ਆਪਣੀ ਕਿਸੇ ਵੀ ਰਚਨਾ ਦਾ ਹਿੱਸਾ ਨਾ ਬਣਾ ਕੇ ਗਏ । ਪਰ ਗੁਰੂ ਜੀ ਦੇ ਪਾਸ ਉਸ ਸਮੇਂ ਜੋ ਸਿੱਖ ਨਾਂਦੇੜ ਵਿਖੇ ਮੌਜੂਦ ਸਨ । ਉਹਨਾਂ ਦੇ ਹਵਾਲੇ ਨਾਲ ਹੀ ਇਹ ਤਿੰਨੇ ਪੰਗਤੀਆਂ ਦੋ ਸੌ ਅੱਠਾਸੀ ਸਾਲ ਤੋਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਉਚਾਰੀਆਂ ਹੋਈਆਂ ਮੰਨ ਕੇ ਹੀ ਸਮੁੱਚੀਆਂ ਸਿੱਖ ਸੰਗਤਾਂ ਇਹਨਾਂ ਦਾ ਉਚਾਰਨ ਕਰਦੀਆਂ ਹਨ, ਸੇਧ ਲੈਂਦੀਆਂ ਹਨ, ਉਤਸ਼ਾਹ ਲੈਂਦੀਆਂ ਹਨ । ਖਾਲਸਾ ਪੰਥ ਦਾ ਸਾਰਾਂ ਫਲਸਫਾ ਗੁਰੂ ਜੀ ਨੇ ਇਹਨਾਂ ਤਿੰਨਾਂ ਪੰਗਤੀਆਂ ਵਿਚ ਇਸ ਖੂਬਸੂਰਤੀ ਨਾਲ ਕਲਮਬੰਦ ਕੀਤਾ ਹੋਇਆ ਹੈ । ਜਿਵੇਂ ਕੋਈ ਇਲਾਹੀ ਤਾਕਤ ਸਮੁੰਦਰ ਨੂੰ ਇਕ ਡੱਬੇ ਵਿਚ ਬੰਦ ਕਰ ਦੇਵੇ ।

ਗੁਰੂ ਨਾਨਕ ਦੀ ਦੱਸੀ ਜੀਵਨ ਜਾਚ ਤੇ ਸਿਖਿਆ ਜੋ ਸਿੱਖੀ ਦਾ ਨਾਮ ਪ੍ਰਾਪਤ ਕਰ ਚੁੱਕੀ ਹੋਈ ਸੀ, ਜਿਸਦਾ ਪ੍ਰਚਾਰ ਅੱਠ ਸਿੱਖ ਗੁਰੂ ਸਾਹਿਬਾਨ ਕਰਦੇ ਰਹੇ ਸਨ । ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੇ ਹਾਲਾਤ ਅਨੁਸਾਰ ਉਸ ਸਿੱਖੀ ਵਿਚ ਇਕ ਅਹਿਮ ਤੇ ਵਿਸ਼ੇਸ਼ ਤਰਮੀਮ ਕੀਤੀ । ਭਗਤੀ ਤੇ ਸ਼ਕਤੀ ਦੇ ਸੁਮੇਲ ਚੋਂ ਸੰਤ ਸਿਪਾਹੀ ਖਾਲਸੇ ਦੀ ਸਾਜਨਾ ਕੀਤੀ ਜਿਸ ਨੂੰ ਖਾਲਸਾ ਪੰਥ ਦਾ ਨਾਮ ਦਿੱਤਾ ਗਿਆ । ਜਿਸ ਰਾਹੀਂ ਸਿੱਖਾਂ ਦਾ ਸਰੂਪ ਤੇ ਬਾਣਾ ਵੀ ਬਦਲ ਦਿੱਤਾ ਗਿਆ । ਕਰਨੀ ਤੇ ਕ੍ਰਿਦਾਰ ਵਿਚ ਵੀ ਵਾਧਾ ਕੀਤਾ ਗਿਆ । ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਸਿੱਖ ਜ਼ੁਲਮ ਸਹਿਣ ਕਰਦੇ ਸੀ ਤੇ ਇਸ ਨੂੰ ਵਾਹਿਗੁਰੂ ਦੇ ਸਿਮਰਨ ਤੇ ਪ੍ਰਭੂ ਭਗਤੀ ਤੱਕ ਸੀਮਤ ਰੱਖਦੇ ਸੀ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਦੇ ਫਲਸਫੇ ਨੇ ਜ਼ੁਲਮ ਨਾ ਸਹਿਣ ਅਤੇ ਜ਼ੁਲਮ ਵਿਰੁੱਧ ਸ਼ਸ਼ਤਰਬੰਦ ਸੰਘਰਸ਼ ਦਾ ਰਾਹ ਖੋਹਲਿਆ । ਅੰਤ ਗੁਰੂ ਜੀ ਨੇ ਆਪਣੇ ਅੰਤ ਸਮੇਂ ਤੀਜੀ ਪੰਗਤੀ ਵਿਚ ਖਾਲਸਾ ਪੰਥ ਨੂੰ ਰਾਜ ਕਰਰੇਗਾ ਖਾਲਸਾ ਦਾ ਵਰ ਦੇ ਕੇ ਖਾਲਸਾ ਪੰਥ ਦਾ ਨਿਸ਼ਾਨਾਂ ਆਪ ਹੀ ਨੀਅੱਤ ਕਰਦਿੱਤਾ । ਕਿਉਂਕਿ ਇਹ ਬੜੀ ਵੱਡੀ ਇਨਕਲਾਬੀ ਤਰਮੀਮ ਸੀ ਇਸ

Digitized by Panjab Digital Library / www.panjabdigilib.org

ਲਈ ਗੁਰੂ ਜੀ ਨੇ ਪਹਿਲੀ ਹੀ ਪੰਗਤੀ ਵਿਚ ਸਿੱਖਾਂ ਨੂੰ ਸਪੱਸ਼ਟ ਕੀਤਾ ਕਿ ਉਹਨਾਂ ਨੇ ਇਹ ਤਰਮੀਮ ਅਕਾਲ ਪੁਰਖ ਦੀ ਆਗਿਆ (ਰਜ਼ਾ) ਨਾਲ ਕੀਤੀ ਹੈ। ਪਹਿਲੀ ਪੰਗਤੀ ਦੇ ਦੂਜੇ ਹਿੱਸੇ ਵਿਚ ਦੇਹ ਧਾਰੀ (ਮਨੁੱਖੀ) ਗੁਰੂਆਂ ਦਾ ਸਿਸਟਮ ਖਤਮ ਕਰ ਕੇ ਆਦਿ ਗਰੰਥ ਦੇ ਸ਼ਬਦ ਨੂੰ ਗੁਰੂ ਮੰਨਣ ਦਾ ਹੁਕਮ ਜਾਰੀ ਕੀਤਾ। ਇਹ ਬੜੀ ਵੱਡੀ ਇਨਕਲਾਬੀ ਤਰਮੀਮ ਸੀ ਪਹਿਲੀ ਪੰਗਤੀ ਇਹ ਹੈ।

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗਰੰਥ।

ਦੂਜੀ ਪੰਗਤੀ ਵਿਚ ਕੁਝ ਸਿੰਘਾਂ ਦਾ ਇਹ ਸ਼ੰਕਾ, ਕਿ ਭੀੜ ਤੇ ਔਕੜ ਸਮੇਂ ਜੋ ਅਗਵਾਈ ਸਿੱਖ ਗੁਰੂ ਸਾਹਿਬਾਨ ਤੋਂ ਮਿਲਦੀ ਸੀ ਉਹ ਆਦਿ ਗਰੰਥ ਪਾਸੋਂ ਕਿਵੇਂ ਪ੍ਰਾਪਤ ਹੋ ਸਕੇਗੀ, ਦੂਰ ਕਰਨ ਲਈ ਉਚਾਰਨ ਕੀਤਾ।

ਗੁਰੂ ਗਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈਂ ਖੋਜ ਸ਼ਬਦ ਮਹਿ ਲੇਹ।

ਭਾਵ ਜਿਵੇਂ ਹਰ ਭੀੜ ਤੇ ਮੁਸ਼ਕਲ ਸਮੇਂ ਸਿੱਖ ਗੁਰੂ ਸਾਹਿਬਾਨ ਪਾਸ ਅਗਵਾਈ ਦੀ ਬੇਨਤੀ ਕਰਦੇ ਸੀ ਉਸੇ ਤਰਾਂ ਗੁਰੂ ਗਰੰਥ ਨੂੰ ਨਿਰੋਲ ਧਰਮ ਪੁਸਤਕ ਸਮਝ ਕੇ ਨਹੀਂ, ਪਰਗਟ ਗੁਰਾਂ ਦੀ ਦੇਹ ਮੰਨ ਕੇ ਅਰਦਾਸ ਦੇ ਰੂਪ ਵਿਚ ਅਗਵਾਈ ਲਈ ਬੇਨਤੀ ਕਰਨੀ, ਉਸ ਹਾਲਤ ਵਿਚ ਗੁਰੂ ਗਰੰਥ ਚੋਂ ਜੋ ਸੁਤੇ ਸ਼ਬਦ (ਹੁਕਮ) ਨਿਕਲੇਗਾ ਉਹ ਤੁਹਾਡੀਆਂ ਮਨੋਕਾਮਨਾਵਾਂ ਅਨੁਸਾਰ ਤੁਹਾਡੀ ਅਗਵਾਈ ਕਰੇਗਾ ਨਾਲ ਹੀ ਸਪੱਸ਼ਟ ਕੀਤਾ ਕਿ ਪ੍ਰਭੂ (ਅਕਾਲ ਪੁਰਖ ਵਾਹਿਗੁਰੂ) ਦੇ ਮਿਲਾਪ ਲਈ ਸ਼ਬਦ ਦੀ ਖੋਜ ਅਤੀ ਜ਼ਰੂਰੀ ਹੈ। ਕਿਉਂਕਿ ਸ਼ਬਦ ਦੀ ਖੋਜ ਬਿਨਾ ਪ੍ਰਭੂ ਨਾਲ ਮਿਲਾਪ ਨਹੀਂ ਹੋ ਸਕਦਾ ਤੇ ਜਿਸ ਨੂੰ ਅਕਾਲ ਪੁਰਖ ਪ੍ਰਭੂ ਨੂੰ ਮਿਲਣ ਦੀ ਚਾਹ ਹੈ ਉਸ ਲਈ ਸ਼ਬਦ ਦੀ ਖੋਜ ਮੁੱਢਲੀ ਚੀਜ਼ ਹੈ।

ਖਾਲਸੇ ਦੇ ਸਾਜਨਹਾਰ ਅਤੇ ਆਦਿ ਗਰੰਥ ਨੂੰ ਗੁਰਿਆਈ ਦੀ ਪੱਦਵੀ ਦੇਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਗਰੰਥ ਦੇ ਸ਼ਬਦ ਦੀ ਖੋਜ ਦਾ ਆਪ ਹੁਕਮ ਦਿੱਤਾ ਹੋਇਆ ਹੈ ਤੇ ਰਾਹ ਖੋਹਲਿਆ ਹੋਇਆ ਹੈ। ਇਸ ਲਈ ਗੁਰੂ ਗਰੰਥ ਦੇ ਸ਼ਬਦਾਂ ਦੀ ਖੋਜ ਉੱਤੇ ਨਾ ਸ਼ਰੋਮਣੀ ਕਮੇਟੀ ਨਾ ਉਸ ਦੇ ਤਨਖਾਹਦਾਰ ਮੁਲਾਜ਼ਮ ਜਥੇਦਾਰ ਤੇ ਹੈਡਗਰੰਥੀ ਕੋਈ ਵੀ ਰੋਕ ਨਹੀਂ ਲਾ ਸਕਦੇ, ਖੋਜ ਦਾ ਰਾਹ ਬੰਦ ਨਹੀਂ ਕਰ ਸਕਦੇ। ਹਾਂ, ਖੋਜਾਂ ਤੇ ਸਰਬੱਤ ਖਾਲਸਾ ਵਿਚਾਰ ਕਰ ਸਕਦਾ ਹੈ। ਤੇ ਫੈਸਲਾ ਦੇਣ ਦੇ ਸਮਰੱਥ ਹੈ ਕਿ ਖੋਜ ਦਰੁਸਤ ਹੈ, ਸਿੱਖ ਹਿਤਾਂ ਦੀ ਹੈ ਜਾਂ ਨਹੀਂ ? ਜੇ ਸਿੱਖ ਹਿਤਾਂ ਦੀ ਤੇ ਦਰੁਸਤ ਹੋਵੇ ਤਾਂ ਉਸ ਅਨੁਸਾਰ ਸਿੱਖਾਂ ਨੂੰ ਸੇਧ ਦੇ ਸਕਦਾ ਹੈ ਜੇ ਕੁਝ ਪਕਸ਼ ਸਿਖ ਹਿਤਾਂ ਦੇ ਨਾ ਜਾਪਣ ਤਾਂ ਉਹਨਾਂ ਨੂੰ ਨਾਕਾਬਲੇ ਕਬੂਲ ਵੀ ਕਰਾਰ ਦੇ ਸਕਦਾ ਹੈ।

Digitized by Panjab Digital Library | www.panjabdigilib.org

ਏਥੇ ਪੰਗਤੀ ਵਿਚ ਗੁਰੂ ਗਰੰਥ ਪਾਸੋਂ ਅਗਵਾਈ ਲੈਣ ਲਈ ਗੁਰੂ ਦੇ ਹੁਕਮ ਦਾ ਰਾਹ ਦੱਸਿਆ ਗਿਆ ਸੀ। ਪਰ ਅੱਜ ਦੇ ਹੈਡ ਗਰੰਥੀ ਤੇ ਗਰੰਥੀ ਗੁਰਮੱਤ ਅਨੁਸਾਰ ਗੁਰੂ ਦਾ ਹੁਕਮ ਵੀ ਸਿੱਖ ਸੰਗਤਾਂ ਨੂੰ ਗੁਰੂ ਦੀ ਵਿਧੀ ਅਨੁਸਾਰ ਨਹੀਂ ਸੁਣਾਉਂਦੇ। ਪਹਿਲਾਂ ਹੀ ਮਨ ਮਰਜੀ ਦਾ ਸ਼ਬਦ ਕੱਢ ਕੇ ਰੱਖਦੇ ਹਨ ਤੇ ਅਰਦਾਸ ਪਿੱਛੋਂ ਉਹ ਹੀ ਸੁਣਾ ਦੇਂਦੇ ਹਨ। ਜੋ ਕਿ ਮਨਮੱਤ ਹੈ ਤੇ ਗੁਰਮੱਤ ਦੇ ਉਲਟ ਹੈ। ਕਿਉਂਕਿ ਹੁਕਮ ਵਾਲਾ ਸ਼ਬਦ ਮਨਮਰਜ਼ੀ ਦਾ ਨਹੀਂ ਕੱਢਣਾ ਚਾਹੀਦਾ ਜੋ ਸੁਤੇ ਨਿਕਲੇ ਉਹ ਹੀ ਗੁਰੂ ਦੇ ਹੁਕਮ ਦਾ ਦਰਜਾ ਪ੍ਰਾਪਤ ਕਰ ਸਕਦਾ ਹੈ। ਸ਼ਰੋਮਣੀ ਕਮੇਟੀ ਅਤੇ ਉਸ ਦੇ ਜਥੇਦਾਰਾਂ ਤੇ ਹੈਡਗਰੰਥੀਆਂ ਨੇ ਇਸ ਘੋਰ ਮਨਮੱਤ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਉਲੰਘਣਾ ਹੈ, ਨੂੰ ਖਤਮ ਕਰਵਾਉਣ ਵੱਲ ਵੀ ਕਦੇ ਧਿਆਨ ਨਹੀਂ ਦਿੱਤਾ। ਜਿਸ ਦੇ ਨਤੀਜੇ ਵਜੋਂ ਅੱਜ ਸਿੱਖੀ ਤੇ ਖਾਲਸਾ ਧਰਮ ਅਨੇਕ ਮਨਮੱਤਾਂ ਤੇ ਅੰਧਵਿਸ਼ਵਾਸੀਆਂ ਦਾ ਘਰੋਂਦਾ ਬਣੇ ਪਏ ਹਨ। ਸਿੱਖੀ ਨੂੰ ਅੱਜ ਜਿਨੀਂ ਢਾਹ ਲੱਗੀ ਹੋਈ ਹੈ, ਸਿੱਖ ਕੌਮ ਜਿਸ ਗੰਭੀਰ ਸੰਕਟ ਵਿਚ ਪਿਛਲੇ 10 ਸਾਲਾਂ ਤੋਂ ਫਸੀ ਹੋਈ ਹੈ ਉਹ ਸਭ ਮਨਮੱਤਾਂ ਤੇ ਅੰਧਵਿਸ਼ਵਾਸੀਆਂ ਦਾ ਹੀ ਨਤੀਜਾ ਹੈ। ਜੋ ਕੌਮ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ, ਧਰਮ ਅਸਥਾਨਾਂ ਦੀ ਤਬਾਹੀ ਹੋਈ ਉਸ ਦੀ ਸਾਰੀ ਜ਼ੁਮੇਵਾਰੀ ਵੀ ਗਲਤ ਤੇ ਨਾ ਅਹਿਲ ਸਿੱਖ ਲੀਡਰਾਂ, ਸ਼ਰੋਮਣੀ ਕਮੇਟੀ ਤੇ ਉਸ ਦੇ ਜਥੇਦਰਾਂ ਦੇ ਸਿਰ ਆਉਂਦੀ ਹੈ। ਜੋ ਨਾਂ ਸਿੱਖਾਂ ਨੂੰ ਬਚਾ ਸਕੇ ਨਾ ਸਿੱਖ ਧਰਮ ਅਸਥਾਨਾਂ ਨੂੰ ਬਚਾ ਸਕੇ ਜੋ ਨਾ ਤਾਂ ਗੁਰੂ (ਗੁਰੂ ਗਰੰਥ ਸਾਹਿਬ ਦੇ ਸਰੂਪ) ਤੇ ਗੁਰੂ ਘਰ (ਸ੍ਰੀ ਹਰਸੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ) ਨੂੰ ਬਚਾ ਸਕੇ ਨਾਂ ਗੁਰੂ ਤੇ ਗੁਰੂ ਘਰ ਨਾਲ ਸ਼ਹੀਦ ਹੀ ਹੋ ਸਕੇ ਹਾਲਾਂਕਿ ਇਸ ਬਾਰੇ ਉਹਨਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਰੂਬਰੂ ਲਿਖਤੀ ਪ੍ਰਣ ਪੱਤਰ ਭਰੇ ਹੋਏ ਸੀ ਅਰਦਾਸਾਂ ਕੀਤੀਆਂ ਹੋਈਆਂ ਸਨ। ਇਹਨਾਂ ਅਕਾਲੀ ਲੀਡਰਾਂ ਜਥੇਦਾਰਾਂ ਤੇ ਹੈਡਗਰੰਥੀਆਂ ਨੇ ਨਾਂ ਤਾਂ ਸ਼ਹੀਦੀ ਦੇ ਪ੍ਰਣ ਨਿਭਾਏ ਨਾ ਅਰਦਾਸਾਂ ਨਿਭਾਹੀਆਂ ਨਾਂ ਕੌਮ ਉੱਤੇ ਇਹਨਾਂ ਦੀਆਂ ਗਲਤੀਆਂ ਕਾਰਨ ਛਾਇਆ ਸੰਕਟ ਖਤਮ ਕਰਨ ਲਈ ਕੁਝ ਕੀਤਾ। 40 ਹਜ਼ਾਰ ਸਿੱਖ ਮਾਰੇ ਗਏ ਪਰ ਇਹਨਾਂ ਚੋਂ ਕੋਈ ਵੀ ਨਾ ਮਾਰਿਆ ਗਿਆ। ਇਹ ਫਿਰ ਵੀ ਸਿੱਖਾਂ ਨੂੰ ਕੁਰਾਹੇ ਪਾ ਕੇ ਅਪਣੀ ਕਾਇਰਤਾ ਅਤੇ ਸਿੱਖ ਦੁਸ਼ਮਨੀ ਤੇ ਪਰਦਾ ਪਾਉਣ ਲਈ ਨਵੇਂ ਤੋਂ ਨਵਾਂ ਨਾਟਕ ਰੱਚ ਕੇ ਸਿੱਖ ਸੰਗਤਾਂ ਨੂੰ ਧੋਖਾ ਦੇਣ, ਤੇ ਕੁਰਾਹੇ ਪਾਉਣ ਦੇ ਯਤਨ ਕਰ ਰਹੇ ਹਨ।

ਟੌਹੜੇ **ਨੇ** ਹਿੰਦ ਸ੍ਰਕਾਰ ਨਾਲ ਗੁਪਤ ਸੌਦੇ ਬਾਜ਼ੀ ਕਰਕੇ ਅਪਣੀ ਚੀਫ ਮਨਿਸਟਰੀ ਦਾ ਰਾਹ ਪੱਧਰਾ ਕਰਨ ਲਈ ਪਹਿਲਾਂ ਅਕਾਲੀਆਂ ਤੇ ਜੁਝਾਰੂਆਂ ਪਾਸੋਂ ਫਰਵਰੀ 1992 ਦੀਆਂ ਚੋਣਾਂ ਦਾ ਬਾਈਕਾਟ ਕਰਵਾ ਕੇ ਪੰਜਾਬ ਅੰਦਰ ਕਾਂਗਰਸ ਦੀ ਸ੍ਰਕਾਰ ਬਣਵਾ ਦਿੱਤੀ। ਫਿਰ ਸ੍ਰਕਾਰ ਹੱਥੋਂ ਸਾਰੇ ਜੁਝਾਰੂ ਜਿਨ੍ਹਾਂ ਨੇ ਜਨਵਰੀ 1986 ਦੇ ਸਰਬੱਤ ਖਾਲਸਾ ਇਕੱਠ ਵਿਚ ਅਕਾਲੀ ਲੀਡਰਸ਼ਿਪ ਤੇ ਸ਼ਰੋਮਣੀ ਕਮੇਟੀ ਨੂੰ ਰੱਦ ਕਰਨ



Digitized by Panjab Digital Library | www.panjabdigilib.org

ਦਾ ਗੁਰਮਤਾ ਕੀਤਾ ਸੀ, ਸਭ ਦੇ ਸਭ ਖਤਮ ਕਰਵਾ ਦਿੱਤੇ ਤੇ ਉਸ ਪਿਛੋਂ ਸਿੱਖਾਂ ਨੂੰ ਬੁੱਧੂ ਬਣਾ ਕੇ ਵਰਤਣ ਲਈ ਇਹ ਪ੍ਰਚਾਰਨਾ ਆਰੰਭ ਕਰ ਦਿੱਤਾ ਕਿ ਹਿੰਦ ਸੂਕਾਰ ਤੇ ਪੰਜਾਬ ਸੂਕਾਰ ਗੁਰਦਵਾਰਾ ਐਕਟ ਖਤਮ ਕਰਨਾ ਚਾਹੁੰਦੀ ਹੈ ਤੇ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਨਹੀਂ ਕਰਵਾਉਣਾ ਚਾਹੁੰਦੀ। ਇਸ ਦੇ ਨਾਲ ਹੀ ਆਪਣੀ ਚੀਫ ਮਨਿਸਟਰੀ ਦਾ ਰਾਹ ਪੱਧਰਾ ਕਰਨ ਲਈ ਟੌਹੜੇ ਨੇ ਸਾਰੇ ਅਕਾਲੀ ਦਲਾਂ ਦਾ ਪ੍ਰਧਾਨ ਬਣਨ ਦੇ ਯਤਨ ਸ਼ੁਰੂ ਕਰ ਦਿੱਤੇ ਕਿਉਂਕਿ ਜੇ ਟੌਹੜਾ ਸਾਰੇ ਅਕਾਲੀ ਦਲਾਂ ਦਾ ਪ੍ਰਧਾਨ ਹੋਵੇ ਤਾਂ ਹੀ ਉਹ ਸਾਰੇ ਸਿੱਖਾਂ ਨੂੰ ਸੂਕਾਰ ਦੀ ਝੋਲੀ ਵਿਚ ਪਾ ਕੇ ਆਪਣੀ ਚੀਫ ਮਨਿਸਟਰੀ ਦੀ ਕੁਰਸੀ ਪ੍ਰਾਪਤ ਕਰ ਸਕਦਾ ਹੈ। ਸਾਰੇ ਅਕਾਲੀ ਦਲਾਂ ਦਾ ਪ੍ਰਧਾਨ ਬਣਨ ਲਈ ਹੀ ਟੌਹੜੇ ਨੇ ਪ੍ਰੋ. ਮਨਜੀਤ ਸਿੰਘ ਜੋ ਉਸ ਦਾ ਖਾਸ ਵਫਾਦਾਰ ਸੀ, ਨੂੰ ਸ੍ਰੀ ਅਕਾਲ ਤਖਤ ਦਾ ਐਕਟਿੰਗ ਜਥੇਦਾਰ ਨਿਯੁੱਕਤ ਕੀਤਾ ਹੋਇਆ ਹੈ। 1975 ਤੋਂ ਹੀ ਟੌਹੜਾ ਤਖਤਾਂ ਦੇ ਜਥੇਦਾਰਾਂ ਤੇ ਹੈਡਗਰੰਥੀਆਂ ਦੀ ਪੋਲਟ ਬਿਓਰੋ ਪੱਕੀ ਕਰਨ ਦੇ ਯਤਨ ਕਰਦਾ ਆ ਰਿਹਾ ਸੀ, ਜਿਸ ਵਿਚ ਮੇਰੀ ਲਗਾਤਾਰ ਵਿਰੋਧਤਾ ਦੇ ਬਾਵਜੂਦ ਵੀ ਪਿਛਲੇ 19 ਸਾਲਾਂ ਵਿਚ ਉਹ ਬਹੁਤ ਹੱਦ ਤੱਕ ਸਫਲ ਹੋ ਗਿਆ ਹੋਇਆ ਹੈ। ਓਸੇ ਪੋਲਟ ਬਿਓਰੇ ਦਾ ਪ੍ਰੋ. ਮਨਜੀਤ ਸਿੰਘ ਨੂੰ ਹੈੱਡ ਬਣਾ ਕੇ ਟੌਹੜਾ ਪਹਿਲੇ ਨੰਬਰ ਤੇ ਸਾਰੇ ਅਕਾਲੀ ਦਲਾਂ ਦਾ ਪ੍ਰਧਾਨ ਬਣਨਾ ਚਾਹੁੰਦਾ ਹੈ, ਜਿਵੇਂ ਭਾਈ ਦਰਸ਼ਨ ਸਿੰਘ ਰਾਗੀ ਪਾਸੋਂ ਸਾਰੇ ਦਲਾਂ ਦੇ ਅਸਤੀਫੇ ਮੰਗਵਾਏ ਸਨ, ਉਹੋ ਖੇਡ ਦੋਬਾਰਾ ਖਿਡਵਾ ਕੇ ਏਕਤਾ ਦੇ ਬਹਾਨੇ ਸਾਰੇ ਅਕਾਲੀ ਦਲਾਂ ਦੇ ਅਸਤੀਫੇ ਮੰਗਵਾਏਗਾ। ਦੂਜੇ ਨੰਬਰ ਤੇ ਆਪਣੀ ਪੋਲਟ ਬਿਓਰੋ ਰਾਹੀਂ ਆਪਣੇ ਸਾਰੇ ਆਲੋਚਕਾਂ ਨੂੰ ਅਕਾਲ ਤਖਤ ਦੇ ਚਾਬਕ ਰਾਹੀਂ ਆਪਣੇ ਵਿਰੁੱਧ ਲਿਖਣ ਤੋਂ ਬੰਦ ਕਰਨਾ ਚਾਹੁੰਦਾ ਹੈ ਤੇ ਏਸੇ ਨੀਤੀ ਅਨੁਸਾਰ ਹੀ ਡਾ. ਪਿਆਰ ਸਿੰਘ ਅਤੇ ਡਾ. ਪਿਸ਼ੌਰਾ ਸਿੰਘ ਨੂੰ ਆਪਣੀ ਪੋਲਟ ਬਿਓਰੋ ਪਾਸੋਂ ਅਕਾਲ ਤਖਤ ਤੇ ਪੇਸ਼ ਹੋਣ ਦਾ ਹੁਕਮ ਦਿਵਾਇਆ ਸੀ ਜੋ ਕਿ ਸਿੱਖ ਰਵਾਇਤਾਂ ਦੇ ਅਨੁਕੂਲ ਨਹੀਂ ਸੀ। ਫਿਰ ਹਿੰਦ ਸੂਕਾਰ ਨਾਲ ਗਿਣਤੀ ਕਰਕੇ ਆਪਣੀ ਪੋਲਟ ਬਿਓਰੋ ਦੀ ਅਹਿਮੀਅਤ ਵਧਾਉਣ ਲਈ ਬੂਟਾ ਸਿੰਘ ਨੂੰ ਦਸਾਂ ਸਾਲਾਂ ਪਿਛੋਂ ਦੋਸ਼ ਮੁਕਤ ਕਰਨ ਦਾ ਭਰੋਸਾ ਦੇ ਕੇ ਹਾਂ ਕਰਕੇ ਉਸ ਨੂੰ ਆਪਣੀ ਪੋਲਟ ਬਿਓਰੋ ਦੇ ਸਾਹਮਣੇ ਪੇਸ਼ ਕਰਨ ਦਾ ਨਾਟਕ ਕੀਤਾ। ਬੂਟਾ ਸਿੰਘ ਵਿਰੁੱਧ ਜੋ ਸਿੱਖ ਦੁਸ਼ਮਣੀ ਦੇ ਦੋਸ਼ ਸਨ। ਉਹਨਾਂ ਦੀ ਬੂਟਾ ਸਿੰਘ ਨੂੰ ਸਜ਼ਾ ਜਾਂ ਮੁਆਫੀ ਕੇਵਲ ਸਰਬੱਤ ਖਾਲਸਾ ਇਕੱਠ ਹੀ ਦੇ ਸਕਦਾ ਸੀ, ਪਰ ਟੌਹੜੇ ਨੇ ਆਪਣੀ ਚੀਫ ਮਨਿਸਟਰੀ ਲਈ ਬੂਟਾ ਸਿੰਘ ਨੂੰ ਵਰਤਣ ਲਈ ਆਪਣੀ ਪੋਲਟ ਬਿਓਰੋ ਪਾਸੋਂ ਬੂਟਾ ਸਿੰਘ ਨੂੰ ਸਿੱਖ ਦੁਸ਼ਮਣੀ ਦੇ ਗੰਭੀਰ ਦੋਸ਼ਾਂ ਤੋਂ ਵੀ ਮੁਕਤ ਕਰਵਾ ਦਿੱਤਾ।

ਜਦ 1993 ਵਿਚ ਟੌਹੜੇ ਨੇ ਗੁਰਦਵਾਰਾ ਐਕਟ ਦੇ ਨਾਮ ਤੇ ਸੂਕਾਰ ਨਾਲ ਗਿਣ ਮਿਥ ਕੇ ਸਿੱਖਾਂ ਨੂੰ ਭੁਲੇਖੇ ਪਾ ਕੇ ਕੁਰਾਹੇ ਪਾਉਣ ਲਈ ਚਰਚਾ ਚਲਾਈ ਸੀ ਸਿੱਖ ਵਿਦਵਾਨਾਂ ਨੂੰ ਭੈ-ਭੀਤ ਕਰਨ ਲਈ ਡਾ. ਪਿਆਰ ਸਿੰਘ ਅਤੇ ਡਾ. ਪਿਸ਼ੌਰਾ ਸਿੰਘ



Digitized by Panjab Digital Library | www.panjabdigilib.org

ਨੂੰ ਆਪਣੀ ਪੋਲਟ ਬਿਓਰੋ ਪਾਸੋਂ ਨੋਟਿਸ ਜਾਰੀ ਕਰਵਾਏ ਸੀ ਤਾਂ ਮੈਂ ਇਕ ਲੇਖ ਲਿਖਣਾ ਸ਼ੁਰੂ ਕੀਤਾ ਜਿਸ ਦਾ ਸਿਰਲੇਖ ਸੀ, "ਗੁਰਦਵਾਰਾ ਐਕਟ ਅਤੇ ਆਦਿ ਗਰੰਥ ਦੀ ਖੋਜ" ਜੋ ਮੈਂ ਪਹਿਲੀ ਦਸੰਬਰ 1993 ਤੱਕ ਪੰਜਾਂ ਕਿਸ਼ਤਾਂ ਵਿਚ ਮੁਕੰਮਲ ਕੀਤਾ ਤੇ ਸਿੱਖ ਸੰਗਤਾਂ ਦੀ ਜਾਣਕਾਰੀ ਲਈ ਪੈਮਫਲਿਟਾਂ ਦੇ ਰੂਪ ਵਿਚ ਹਜ਼ਾਰਾਂ ਸੂਝਵਾਨ ਸਿੱਖਾਂ ਤੱਕ ਪਹੁੰਚਾਇਆ। ਇਸ ਵਿਚ ਟੌਹੜੇ ਦੇ ਸਿੱਖ ਦੁਸ਼ਮਣੀ ਦੇ ਕ੍ਰਿਦਾਰ ਅਤੇ ਅਕਾਲੀ ਲੀਡਰਸ਼ਿਪ ਦੀਆਂ ਗਲਤੀਆਂ ਤੇ ਮਨਮੱਤਾਂ ਦਾ ਵਰਨਣ ਕੀਤਾ ਗਿਆ ਸੀ, ਜਿਸ ਦਾ ਟੌਹੜੇ ਪਾਸ ਨਾ ਕੋਈ ਜਵਾਬ ਸੀ, ਨਾ ਅਕਾਲੀ ਲੀਡਰਾਂ ਤੇ ਜਥੇਦਾਰਾਂ ਪਾਸ ਸੀ, ਇਸ ਲਈ ਪਹਿਲੀਆਂ ਚਾਰ ਕਿਸ਼ਤਾਂ ਨੂੰ ਤਾਂ ਟੌਹੜਾ ਪੀ ਗਿਆ, ਪਰ ਪੰਜਵੀਂ ਕਿਸ਼ਤ ਦੇ ਕੁਝ ਵਿਚਾਰਾਂ ਦਾ ਪੱਜ ਪਾਕੇ ਟੌਹੜੇ ਨੇ ਆਪਣੀ ਪੋਲਟ ਬਿਓਰੋ ਨੂੰ ਆਦੇਸ਼ ਦਿੱਤਾ ਕਿ ਉਹ ਮੈਨੂੰ ਅਕਾਲ ਤਖਤ ਤੇ ਪੇਸ਼ ਹੋਣ ਦਾ ਨੋਟਿਸ ਦੇਵੇ। ਅਤੇ ਮੈਨੂੰ ਦੋਸ਼ੀ ਕਰਾਰ ਦੇਵੇ ਤਾਂ ਜੋ ਮੇਰੀਆਂ ਟੌਹੜੇ ਵਿਰੁੱਧ ਲਿਖਤਾਂ ਦਾ ਸਿੱਖ ਸੰਗਤਾਂ ਚੋਂ ਅਸਰ ਜ਼ਾਇਲ ਕੀਤਾ ਜਾਏ।

ਮੈਂ ਟੌਹੜੇ ਦੇ ਜਥੇਦਾਰਾਂ ਦੀ ਪੋਲਟ ਬਿਓਰੋ ਦਾ 19 ਸਾਲ ਤੋਂ ਲਿਖਤੀ ਤੌਰ ਤੇ ਵਿਰੋਧ ਕਰਦਾ ਆ ਰਿਹਾ ਹਾਂ, ਮੈਂ ਜਥੇਦਾਰਾਂ ਤੇ ਹੈਡਗਰੰਥੀਆਂ ਦੀ ਪੋਲਟ ਬਿਓਰੋ ਦੀ ਖੁਦ ਸਖਤਾ ਅਦਾਲਤ ਜਿਸ ਨੂੰ ਕਿਸੇ ਸਿੱਖ ਗੁਰੂ ਨੇ ਕਾਇਮ ਨਹੀਂ ਸੀ ਕੀਤਾ, ਨੂੰ ਨਹੀਂ ਮੰਨਦਾ। ਕਿਉਂਕਿ ਇਸ ਨੂੰ ਸਿੱਖੀ ਬਾਰੇ ਫੈਸਲੇ ਲੈਣ ਜਾਂ ਸਿੱਖ ਵਿਦਵਾਨਾਂ ਦੇ ਵਿਚਾਰਾਂ ਬਾਰੇ ਫੈਸਲੇ ਕਰਨ ਦੇ ਕੋਈ ਅਧਿਕਾਰ ਪ੍ਰਾਪਤ ਹੀ ਨਹੀਂ ਹਨ। ਜੇ ਹਨ ਤਾਂ ਦੱਸਣ, ਕਿ ਕਿਹੜੇ ਸਿੱਖ ਗੁਰੂ ਨੇ ਇਹਨਾਂ ਨੂੰ ਇਹ ਅਧਿਕਾਰ ਦਿੱਤੇ ਸਨ ?

ਗੁਰੂ ਹਰਗੋਬਿੰਦ ਜੀ ਨੇ ਜਦ ਅਪਣੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿੱਛੋਂ ਅਨੁਭਵ ਕੀਤਾ ਕਿ ਗਰੀਬ, ਲਿਤਾੜੇ ਤੇ ਪਿਛਾੜੇ ਹਿੰਦੂ ਵਰਗ ਨੇ ਦਹਿਸ਼ਤਜ਼ਦਾ ਹੋਕੇ ਸਿੱਖੀ ਵਿਚ ਪ੍ਰਵੇਸ਼ ਕਰਨਾ ਬੰਦ ਕਰ ਦਿੱਤਾ ਹੈ, ਉਹ ਦੁਬਦਾ ਤੇ ਸੋਚਾਂ ਵਿਚ ਪੈ ਗਏ ਹਨ, ਕਿ ਜੇ ਸਵਰਨ ਹਿੰਦੂ ਗੁਰੂ ਨੂੰ ਗਰਿਫਤਾਰ ਕਰਵਾ ਕੇ, ਤਸੀਹੇ ਦਿਵਾ ਕੇ ਮਰਵਾ ਸਕਦੇ ਹਨ ਤਾਂ ਉਹ ਗ਼ਰੀਬ ਕਿਸ ਬਾਗ ਦੀ ਮੂਲੀ ਹਨ, ਜੇ ਸਵਰਨ ਹਿੰਦੂਆਂ ਨੇ ਧਰਮ ਬਦਲੀ ਦਾ ਔਖ ਮਨਾ ਕੇ ਉਹਨਾਂ ਦਾ ਨੁਕਸਾਨ ਕਰਨਾ ਚਾਹਿਆ ਤਾਂ ਉਹਨਾਂ ਦਾ ਸਹਾਈ ਕੌਣ ਹੋਵੇਗਾ ? ਗੁਰੂ ਜੀ ਨੇ ਸਿੱਖੀ ਵਿਚ ਪ੍ਰਵੇਸ਼ ਕਰਨ ਵਾਲਿਆਂ ਨੂੰ ਢਾਰਸ ਦੇਣ ਲਈ ਤੇ ਉਹਨਾਂ ਦੇ ਦਿਲਾਂ ਦਿਮਾਗਾਂ ਚੋਂ ਸ੍ਰਕਾਰ ਦਾ ਡਰ ਤੇ ਭੈ ਖਤਮ ਕਰਨ ਤੇ ਮਨੋਬਲ ਕਾਇਮ ਕਰਨ ਲਈ ਸ੍ਰੀ ਹਰਮੰਦਰ ਸਾਹਿਬ ਦੇ ਸਾਹਮਣੇ ਦੋ ਢਾਈ ਸੌ ਫੁੱਟ ਦੀ ਵਿੱਥ ਤੇ ਇਹ ਅੱਠ ਫੁੱਟ ਉੱਚਾ ਚਬੂਤਰਾ ਨੁਮਾ ਥੜਾ ਉਸਾਰਿਆ। ਉਸ ਨੂੰ ਸਰਵਸ਼ਕਤੀਮਾਨ ਅਕਾਲ ਪੁਰਖ ਦਾ ਅਸਥਾਨ ਪ੍ਰਚਾਰ ਕੇ ਮੰਦਰਾਂ ਤੇ ਸਮਾਜ ਸੁਸਾਇਟੀ ਚੋਂ ਛੇਕੇ ਗਰੀਬ ਵਰਗ ਨੂੰ ਫਿਰ ਸਿੱਖੀ ਗਰੈਹਣ ਕਰਨ ਲਈ ਉਤਸ਼ਾਹਤ ਕੀਤਾ। ਤੇ ਕਿਹਾ ਕਿ ਇਸ ਅਸਥਾਨ ਦੇ ਹੁੰਦਿਆਂ ਬਰਹਿਮਣ ਤੇ ਪੁਜਾਰੀ ਦਿੱਲੀ ਤਖਤ ਪਾਸੋਂ ਸਿੱਖਾਂ ਦਾ ਕੋਈ ਨੁਕਸਾਨ ਨਹੀਂ



Digitized by Panjab Digital Library | www.panjabdigilib.org

ਕਰਵਾ ਸਕਣਗੇ। ਇਸ ਭਰੋਸੇ ਤੇ ਗਰੰਟੀ ਕਾਰਣ ਗਰੀਬ, ਲਿਤਾੜੇ ਤੇ ਪਿਛਾੜੇ ਹਿੰਦੂ ਵਰਗ ਫਿਰ ਸਿੱਖੀ ਵਿਚ ਪ੍ਰਵੇਸ਼ ਕਰਨ ਲੱਗ ਪਏ। ਅਸਲੀਅਤ ਤਾਂ ਇਹ ਹੈ ਕਿ ਅਕਾਲ ਤਖਤ ਸਿੱਖਾਂ ਦੇ ਮਣਾਂ ਚੋਂ ਹਰ ਤਰ੍ਹਾਂ ਦਾ ਡਰ ਤੇ ਭੈ ਖਤਮ ਕਰਨ ਲਈ ਕਾਇਮ ਕੀਤਾ ਗਿਆ ਸੀ। ਭਾਂਵੇਂ ਉਹ ਡਰ ਮੁਗਲ ਸ੍ਰਕਾਰ ਦਾ ਹੋਵੇ ਭਾਵੇਂ ਮੁਸਲਮਾਨ ਕਾਜ਼ੀਆਂ ਤੇ ਮੌਲਵੀਆਂ ਦਾ ਹੋਵੇ ਭਾਵੇਂ ਬਰਿਹਮਣਾਂ ਤੇ ਪੰਡਤਾਂ ਦਾ ਹੋਵੇ ਤੇ ਭਾਵੇਂ ਪੁਜਾਰੀਆਂ, ਮਸੰਦਾਂ, ਜਥੇਦਾਰਾਂ ਤੇ ਹੈਡਗਰੰਥੀਆਂ ਦਾ ਕਿਉਂ ਨਾ ਹੋਵੇ ?

ਪਰ ਅੱਜ ਅਕਾਲ ਤਖਤ ਦੇ ਪੁਜਾਰੀ ਤੇ ਮਸੰਦ (ਜਥੇਦਾਰ ਹੈਡਗਰੰਥੀ) ਸਿੱਖਾਂ ਦਾ ਮਨੋਬਲ ਵਧਾਉਣ ਦੀ ਥਾਂ ਸਿੱਖਾਂ ਨੂੰ ਭੈ ਭੀਤ ਕਰਨ, ਉਹਨਾਂ ਦੀ ਅਪਣੇ ਵਿਰੁੱਧ ਜ਼ਬਾਨ ਬੰਦੀ ਕਰਨ, ਉਹਨਾਂ ਨੂੰ ਸਜ਼ਾਵਾਂ ਦੇਣ ਅਤੇ ਡੀਮਾਰੇਲਾਈਜ਼ ਕਰਨ ਤੇ ਸਿੱਖੀ ਚੋਂ ਖਾਰਜ ਕਰਨ ਲਈ ਅਕਾਲ ਤਖਤ ਦੀ ਵਰਤੋਂ ਕਰ ਰਹੇ ਹਨ। ਜੋ ਕਿ ਅਕਾਲ ਤਖਤ ਦੇ ਮੁੱਢਲੇ ਸਿਧਾਂਤਾਂ ਜਿਸ ਕਾਰਨ ਇਹ ਹੋਂਦ ਵਿਚ ਲਿਆਂਦਾ ਗਿਆ ਸੀ ਦੇ ਸੌ ਫੀ ਸਦੀ ਉਲਟ ਹੈ। ਅਕਾਲ ਤਖਤ ਨੇ ਪਾਂ ਸਿੱਖੀ ਵਿਚ ਪ੍ਰਵੇਸ਼ ਕਰਵਾਉਣ ਦਾ ਉਤਸ਼ਾਹ ਪੈਦਾ ਕਰਨਾ ਹੈ ਸਿੱਖੀ ਚੋਂ ਖਾਰਜ ਜਾਂ ਛੇਕਣ ਦਾ ਕੰਮ ਨਹੀਂ ਕਰਨਾ। ਗੁਰਮੱਤ ਅਨੁਸਾਰ ਅਕਾਲ ਤਖਤ ਨੇ ਸਿੱਖਾਂ ਦੇ ਮਨਾਂ ਚੋਂ ਡਰ ਤੇ ਭੈ ਖਤਮ ਕਰਕੇ ਉਹਨਾਂ ਨੂੰ ਸਿੱਖੀ ਲਈ ਪ੍ਰੇਰਨਾ ਹੈ ਤੇ ਪਰਪੱਕ ਕਰਨਾ ਹੈ। ਸਿੱਖਾਂ ਨੂੰ ਸਜ਼ਾਵਾਂ ਦੇ ਡਰ ਨਾਲ ਭੈ ਭੀਤ ਕਰਕੇ ਸਿੱਖੀ ਲਈ ਨਫਰਤ ਤੇ ਦੂਰੀ ਪੈਦਾ ਨਹੀਂ ਕਰਨੀ। ਅਕਾਲ ਤਖਤ ਤੋਂ ਕੁਰਿਹਤਾਂ ਦੀ ਸਜ਼ਾ ਦੇਣੀ ਵੀ ਮਨਮੱਤ ਹੈ ਕਿਉਂਕਿ ਅਜੇਹਾ ਕਰਨ ਬਾਰੇ ਵੀ ਕਿਸੇ ਗੁਰੂ ਸਾਹਿਬ ਦਾ ਹੁਕਮਨਾਮਾ ਮੌਜੂਦ ਨਹੀਂ। ਇਹ ਅਠਾਰਵੀਂ ਸਦੀ ਦੇ ਸਿੰਘਾਂ ਦੀ ਚਲਾਈ ਹੋਈ ਰੀਤ ਹੈ ਜੋ ਅਕਾਲ ਤਖਤ ਦੇ ਮੁੱਢਲੇ ਸਿਧਾਂਤਾਂ ਨਾਲ ਮੇਲ ਨਹੀਂ ਖਾਂਦੀ। ਤੇ ਮਨਮੱਤ ਦਾ ਦਰਜਾ ਰੱਖਦੀ ਹੈ ਤੇ ਅੰਧਵਿਸ਼ਵਾਸੀ ਦੀ ਉਪੱਜ ਹੈ।

## ਹਰ ਬੁਲੰਦ ਪਾਇਆ ਕਲਾਮ ਕਾਬਲੇ ਸਦ ਤਾਰੀਫ ਹੁੰਦਾ ਹੈ

ਸਰਿਸ਼ਟੀ ਦੇ ਰਚਣਹਾਰ ਅਕਾਲ ਪੁਰਖ, ਪਰਮਾਤਮਾ, ਖੁਦਾ ਵਿਚ ਅਟੱਲ ਵਿਸ਼ਵਾਸ ਰੱਖਣ ਵਾਲੇ ਮਹਾਂਪੁਰਸ਼ਾਂ ਤੇ ਦਾਨਿਸ਼ਮੰਦਾਂ ਵਲੋਂ ਅਕਾਲ ਪੁਰਖ ਖੁਦਾ ਦੀ ਕੀਤੀ ਉਸਤਤਿ ਨੂੰ ਬਾਣੀ ਦਾ ਨਾਮ ਦਿੱਤਾ ਜਾਂਦਾ ਹੈ। ਜੋ ਵਧੇਰੇ ਕਰਕੇ ਕਵਿਤਾ ਦੇ ਰੂਪ ਵਿਚ ਹੁੰਦੀ ਹੈ। ਅਕਾਲ ਪੁਰਖ ਕਿਸੇ ਵਿਅਕਤੀ ਪਾਸੋਂ ਵੀ ਅੰਤਰ ਗਿਆਨ ਤੇ ਬਿਬੇਕ ਬੁੱਧੀ ਰਾਹੀਂ ਕੋਈ ਉੱਚ ਖਿਆਲੀ ਤੇ ਮਾਰਫਤ ਦੀ ਗੱਲ ਲਿਖਵਾ ਸਕਦਾ ਹੈ। ਉਸ ਅਨੁਸਾਰ ਹੀ ਸ਼ਹਿਨਸ਼ਾਹ ਬਹਾਦਰ ਸ਼ਾਹ ਜ਼ਫਰ ਨੇ ਹੇਠ ਦਰਜ ਸ਼ਿਅਰ ਲਿਖਿਆ ਸੀ :

ਜ਼ਫਰ ਆਦਮੀ ਉਸ ਕੋ ਨਾ ਜਾਨੀਏਗਾ, ਹੈ ਵੋਹ ਕੈਸਾ ਹੀ ਸਾਹਿਬੇ ਫਹਿਮੋ ਕਜ਼ਾ।
ਜਿਸੇ ਐਸ਼ ਮੇਂ ਯਾਦੇ ਖੁਦਾ ਨਾ ਰਹੀ, ਜਿਸੇ ਤੈਸ਼ ਮੇਂ ਖੌਫੇ ਖੁਦਾ ਨਾ ਰਹਾ ?



Digitized by Panjab Digital Library / www.panjabdigilib.org

ਇਹ ਉੱਚ ਪਾਏ ਦਾ ਕਲਾਮ ਮਨੁੱਖਤਾ ਦੀ ਕਸਵੱਟੀ ਦਾ ਕੰਮ ਦੇਂਦਾ ਹੈ ਤੇ ਅਕਾਲ ਪੁਰਖ ਖੁਦਾ ਦੇ ਨੇੜ ਦਾ ਦਰਜਾ ਵੇਖਣ ਲਈ ਥਰਮਾਮੀਟਰ ਦਾ ਵੀ ਕੰਮ ਦੇਂਦਾ ਹੈ। ਕਿਸੇ ਵੀ ਮਨੁੱਖ ਦੀ ਪਰਖ ਲਈ ਕਿੰਨੀ ਹਕੀਕਤ ਪਸੰਦੀ ਤੇ ਉੱਚ ਖਿਆਲੀ ਤੋਂ ਕੰਮ ਲਿਆ ਗਿਆ ਹੈ ? ਜਿਸ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਕੋਈ ਆਦਮੀ ਭਾਵੇਂ ਉਹ ਕਿੰਨਾ ਵੀ ਸਿਆਣਾ, ਸਮਝਦਾਰ ਤੇ ਅਕਲ ਦਾ ਮਾਲਕ ਕਿਉਂ ਨਾ ਹੋਵੇ ਭਾਵੇਂ ਉਹ ਗੈਬ ਦੀਆਂ ਗੱਲਾਂ ਵੀ ਕਿਉਂ ਨਾ ਦੱਸ ਸਕਦਾ ਹੋਵੇ ਪਰ ਜੇ ਉਸ ਨੂੰ ਆਪਣੇ ਸੁਖ ਤੇ ਅਰਾਮ ਦੇ ਸਮੇਂ ਜਾਂ ਸ਼ਾਹੀ ਤਾਕਤ ਦੇ ਨਸ਼ੇ ਸਮੇਂ ਦੀ ਐਸ਼ ਇਸ਼ਰਤ ਵਿਚ ਅੱਠੇ ਪਹਿਰ ਖੁਦਾ ਦੀ ਯਾਦ ਨਾ ਆਉਂਦੀ ਰਹੀ ਜਾਂ ਜਿਸ ਨੂੰ ਤੈਸ਼ (ਕਰੋਧ) ਵਿਚ ਕਿਸੇ ਦਾ ਬੁਰਾ ਕਰਨ ਸਮੇਂ ਨੁਕਸਾਨ ਕਰਨ ਸਮੇਂ ਖੁਦਾ ਦਾ ਖੌਫ ਨਾ ਆਇਆ ਹੋਵੇ ਤਾਂ ਉਸ ਨੂੰ ਆਦਮੀ (ਇਨਸਾਨ) ਮੰਨਿਆ ਤੇ ਜਾਣਿਆਂ ਨਹੀਂ ਜਾ ਸਕਦਾ।

ਕਿੱਡਾ ਉੱਚਾ ਫਲਸਫਾ ਹੈ, ਕਿੱਡੀ ਲਾਮਿਸਾਲ ਕਸਵੱਟੀ ਹੈ। ਸਹਿਨਸ਼ਾਹ ਬਹਾਦਰ ਸ਼ਾਹ ਜ਼ਫਰ ਦੇ ਮਨ ਤੇ ਦਿਲ ਦੀ ਇਸ ਕੋਮਲਤਾ ਤੇ ਯੋਗਤਾ ਕਾਰਨ ਹੀ ਗੁਰੂ ਗੋਬਿੰਦ ਸਿੰਘ ਜੀ ਉਸਦਾ ਨੇੜ ਕਰਦੇ ਸੀ, ਨੇੜ ਕੇਵਲ ਖਿਆਲਾਂ ਤੇ ਵਿਚਾਰਾਂ ਦੀ ਸਾਂਝ ਦਾ ਸੀ। ਬਹਾਦਰ ਸ਼ਾਹ ਨੇ ਖੁਦਾ ਦੇ ਖੌਫ ਕਾਰਨ ਹੀ ਲੋਕਾਂ ਤੇ ਜ਼ਬਰ ਤੇ ਜ਼ੁਲਮ ਨਾ ਕੀਤਾ। ਕਈ ਕੋਤਾਹਬੀਨ ਇਤਿਹਾਸਕਾਰ ਗੁਰੂ ਜੀ ਦੇ ਬਹਾਦਰ ਸ਼ਾਹ ਨਾਲ ਨੇੜ ਦਾ ਵਰਨਣ ਕਰਦੇ ਹੋਏ ਆਪਣੀ ਕਮਅਕਲੀ ਜਾਂ ਤਅੱਸੁਬ ਕਾਰਨ ਲਿਖ ਦੇਂਦੇ ਹਨ ਕਿ ਗੁਰੂ ਜੀ ਬਹਾਦਰ ਸ਼ਾਹ ਪਾਸ ਨੌਕਰ ਰਹੇ ਸੀ। ਇਹ ਕੁਫਰ ਦੀ ਅਖੀਰ ਹੈ। ਪਰ ਕਸੂਰ ਉਹਨਾਂ ਦਾ ਨਹੀਂ, ਉਹਨਾਂ ਦੀ ਕੱਚੀ ਮੱਤ ਦਾ ਹੈ, ਜੋ ਟੌਹੜੇ ਦੀ ਪੋਲਟ ਬਿਓਰੋ ਦੇ ਜਥੇਦਾਰਾਂ ਤੇ ਗਰੰਥੀਆਂ ਵਰਗੀ ਹੈ। ਅਸਲੀਅਤ ਇਹ ਸੀ ਕਿ ਜਿੰਨਾ ਸਮਾਂ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਖਿਆਲਾਂ ਤੇ ਵਿਚਾਰ ਵਟਾਂਦਰੇ ਲਈ ਆਪਣੇ ਨਾਲ ਰਖਿਆ, ਉੱਨਾ ਸਮਾਂ ਬਹਾਦਰ ਸ਼ਾਹ ਸਿੰਘਾਂ ਤੇ ਘੋੜਿਆਂ ਦੀਆਂ ਰਸਦਾਂ ਦਾ ਖਰਚਾ ਭਰਦਾ ਰਿਹਾ; ਇਸ ਲਈ ਨਾ ਕੋਈ ਬਹਾਦਰ ਸ਼ਾਹ ਦੀ ਨੌਕਰੀ ਦਾ ਸਵਾਲ ਉੱਠਦਾ ਸੀ ਨਾ ਗੁਰੂ ਜੀ ਆਪਣੇ ਪਿਤਾ ਤੇ ਸਾਹਿਬਜ਼ਾਦਿਆਂ ਦੇ ਕਾਤਲ ਪ੍ਰੀਵਾਰ ਦੇ ਕਿਸੇ ਫਰਦ ਦੀ ਨੌਕਰੀ ਜਾਂ ਤਾਬਿਆਦਾਰੀ ਕਰਨਾ ਮੰਨ ਸਕਦੇ ਸੀ। ਨਾ ਨੇੜ ਕਰ ਸਕਦੇ ਸਨ ਨੇੜ ਕੇਵਲ ਖੁਦਾ (ਅਕਾਲ ਪੁਰਖ) ਦੀ ਉਸਤਤਿ ਦੇ ਆਧਾਰ ਉੱਤੇ ਸੀ। ਤੇ ਜ਼ਫਰ ਦੇ ਉੱਪਰ ਦਰਜ ਸ਼ਿਅਰ ਦੇ ਖਿਆਲ ਨੇ ਹੀ ਗੁਰੂ ਜੀ ਨੂੰ ਬਹਾਦਰ ਸ਼ਾਹ ਦੇ ਨੇੜੇ ਲਿਆਂਦਾ ਸੀ।

**ਮੈਂ ਟੌਹੜੇ ਦੀ ਪੋਲਟ ਬਿਓਰੋ ਦੇ ਨਹੀਂ ਰੋਸ਼ਨ ਦਿਮਾਗ ਸਿਖ ਸਿੱਖ ਵਿਦਵਾਨਾਂ ਦੇ ਸਰਬੱਤ ਖਾਲਸਾ ਇਕੱਠ ਦੇ ਫੈਸਲ ਨੂੰ ਮੰਨਣ ਲਈ ਅੱਠੇ ਪਹਿਰ ਤਿਆਰ ਹਾਂ।**

ਸਿੱਖ ਇਤਹਾਸ ਅਤੇ ਗੁਰਮੱਤ ਅਨੁਸਾਰ ਜਥੇਦਾਰਾਂ ਤੇ ਹੈਡਗਰੰਥੀਆਂ ਦੀ ਜੋ

Digitized by Panjab Digital Library | www.panjabdigilib.org

ਪੋਲਟ ਬਿਓਰੋ ਟੌਹੜੇ ਨੇ ਸਥਾਪਤ ਕੀਤੀ ਹੋਈ ਹੈ, ਉਹ ਕੂੜ ਦਾ ਪਸਾਰਾ ਹੈ, ਉਸ ਨੂੰ ਤਾਂ ਸਿੱਖੀ ਬਾਰੇ ਵੱਖ ਵੱਖ ਵਿਚਾਰਾਂ ਸੰਬੰਧੀ ਫੈਸਲਾ ਕਰਨ ਦਾ ਕੋਈ ਅਧਿਕਾਰ ਪ੍ਰਾਪਤ ਹੀ ਨਹੀਂ। ਪਰ ਸਿੱਖ ਸੰਗਤਾਂ ਅਤੇ ਸਰਬੱਤ ਖਾਲਸਾ ਇਕੱਠ ਜਿਸ ਨੂੰ ਗੁਰੂ ਸਾਹਿਬਾਨ ਵਾਲੇ ਸਾਰੇ ਅਧਿਕਾਰ ਪ੍ਰਾਪਤ ਹਨ ਉਹ ਇਹਨਾਂ ਪੱਖਾਂ ਤੇ ਵਿਚਾਰ ਕਰਕੇ ਦਰੁਸਤ ਗਲਤ ਦਾ ਨਿਰਣਾ ਕਰਨ ਦੇ ਯੋਗ ਹੈ, ਸਮਰੱਥ ਹੈ। ਸਰਬੱਤ ਖਾਲਸਾ ਇਕੱਠ ਫੈਸਲਾ ਦੇ ਸਕਦਾ ਹੈ ਕਿ ਸਿੱਖੀ ਤੇ ਖਾਲਸਾ ਪੰਥ ਨੂੰ ਕਿਸ ਕਿਸ ਨੇ ਨੁਕਸਾਨ ਪਹੁੰਚਾਇਆ, ਅਰਦਾਸਾਂ ਕਰਕੇ ਸ਼ਹੀਦੀਆਂ ਦੇ ਪ੍ਰਣ ਪੱਤਰ ਭਰ ਕੇ ਕੌਣ ਕੌਣ ਸ਼ਹੀਦੀਆਂ ਤੋਂ ਭਗੌੜੇ ਹੋ ਗਏ, ਕਿਨ੍ਹਾਂ ਦੀ ਕ੍ਰਿਪਾ ਨਾਲ ਓਪਰੇਸ਼ਨ ਬਲੂ ਸਟਾਰ ਹੋਇਆ, ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖਤ ਦੀ ਤਬਾਹੀ ਕਿਨ੍ਹਾਂ ਕਰਵਾਈ, ਹਜ਼ਾਰਾਂ ਸਿੱਖਾਂ ਦੇ ਕਤਲਾਮ ਦੇ ਦੋਸ਼ੀ ਤੇ ਜ਼ਮੇਵਾਰ ਕੌਣ ਹਨ, ਸਿੱਖ ਕੌਮ 12 ਸਾਲ ਤੋਂ ਜਿਸ ਗੰਭੀਰ ਸੰਕਟ ਵਿਚ ਫਸੀ ਹੋਈ ਹੈ ਉਹ ਸੰਕਟ ਪੈਦਾ ਕਰਨ ਤੇ ਲੰਮਾ ਕਰਨ ਵਾਲੇ ਕੌਣ ਹਨ ? ਇਹ ਸਾਰੇ ਫੈਸਲੇ ਰੋਸ਼ਨ ਦਿਮਾਗ਼ ਸਿੱਖਾਂ ਅਤੇ ਨਿਰਪੱਖ ਪੰਥ ਹਿਤੈਸ਼ੀਆਂ ਦਾ ਸਰਬਤ ਖਾਲਸਾ ਇਕੱਠ ਹੀ ਕਰ ਸਕਦਾ ਹੈ। ਕਿਸੇ ਇਕ ਸਿੱਖ ਧੜੇ, ਜਾਂ ਸ਼ਰੋਮਣੀ ਕਮੇਟੀ ਦਾ ਬੁਲਾਇਆ ਸਰਬੱਤ ਖਾਲਸਾ ਇਕੱਠ ਨਹੀਂ ਕਰ ਸਕਦਾ।

ਇਹ ਸਿੱਖ ਕੌਮ ਦੇ ਭਵਿੱਖ ਨਾਲ ਸੰਬੰਧਤ ਫੈਸਲਾ ਹੈ, ਪੁਰਾਣੀਆਂ ਨੀਤੀਆਂ ਤੇ ਲੀਡਰ ਰੱਦ ਕਰਨ ਤੇ ਨਵੀਆਂ ਨੀਤੀਆਂ ਉਲੀਕਣ ਦਾ ਫੈਸਲਾ ਹੈ। ਇਸ ਲਈ ਸਿੱਖ ਕੌਮ ਦੇ ਹਰ ਵਰਗ ਦਾ ਇਕ ਨੁਮਾਇੰਦਾ ਸਰਬੱਤ ਖਾਲਸਾ ਇਕੱਠ ਬੁਲਾਇਆ ਜਾਣਾ ਅਤੀ ਜ਼ਰੂਰੀ ਹੈ। ਇਸ ਵਿਚ ਸਿੱਖ ਵਿਦਵਾਨਾਂ ਵਜੋਂ ਵੀ ਨਿਰੋਲ ਨਿਰਪੱਖ ਤੇ ਰੋਸ਼ਨ ਦਿਮਾਗ਼ ਸਿੱਖ ਵਿਦਵਾਨਾਂ ਨੂੰ ਹੀ ਸ਼ਾਮਲ ਹੋਣ ਦੀ ਆਗਿਆ ਦਿੱਤੀ ਜਾਏ। ਟੌਹੜੇ ਤੇ ਸ਼ਰੋਮਣੀ ਕਮੇਟੀ ਦੇ ਸਨਮਾਨਤ ਕਰ ਕਰ ਕੇ ਖਰੀਦੇ ਹੋਏ ਵਿਦਵਾਨ ਨਿਰਪੱਖ ਨਹੀਂ ਮੰਨੇ ਜਾ ਸਕਦੇ। ਕੋਈ ਵੀ ਅਰਦਾਸਾਂ ਭੰਗ ਕਰਨ ਵਾਲਾ ਲਿਖਤੀ ਪ੍ਰਣ ਕਰਕੇ ਸ਼ਹੀਦੀ ਤੋਂ ਭਗੌੜਾ ਹੋ ਜਾਣ ਵਾਲਾ ਇਸ ਸਰਬੱਤ ਖਾਲਸਾ ਵਿਚ ਸ਼ਾਮਲ ਨਾ ਕੀਤਾ ਜਾਏ। ਉੱਪਰ ਦੱਸੇ ਅਨੁਸਾਰ ਜੋ ਸਰਬੱਤ ਖਾਲਸਾ ਇਕੱਠ ਬੁਲਾਇਆ ਜਾਏ ਉਸ ਦੇ ਸਰਵੇ ਸਰਵਾ ਤੇ ਜੱਜ ਉਹ ਸਿੱਖ ਹੋਣ ਜੋ ਆਪ ਪੂਰੀ ਤਰਾਂ ਦੋਸ਼ ਮੁਕਤ ਹੋਣ। ਉਹ ਇਕੱਠ ਟੌਹੜੇ, ਅਕਾਲੀ ਲੀਡਰਾਂ, ਜਥੇਦਾਰਾਂ, ਹੈਡਗਰੰਥੀਆਂ ਅਤੇ ਮੇਰੇ ਕਿਰਦਾਰ ਨੂੰ ਪਰਖ ਕੇ ਜੋ ਵੀ ਸਜ਼ਾ ਕਿਸੇ ਨੂੰ ਦੇਣ, ਉਹ ਸਭ ਪ੍ਰਵਾਨ ਕਰਨ ਦਾ ਪੇਸ਼ਗੀ ਭਰੋਸਾ ਦੇਣ ਇਹ ਮੇਰੀ ਪੇਸ਼ਕਸ਼ ਹੈ। ਕਿ ਮੈਂ ਹਰ ਤਰਾਂ ਦੀ ਸਜ਼ਾ ਭੁਗਤਾਂਗਾ। ਟੌਹੜਾ, ਅਕਾਲੀ ਲੀਡਰ, ਜਥੇਦਾਰ ਤੇ ਹੈਡਗਰੰਥੀ ਵੀ ਇਸ ਸੁਝਾਅ ਦੀ ਪੁਸ਼ਟੀ ਕਰਨ ਤੇ ਐਲਾਨ ਕਰਨ ਕਿ ਉਹ ਸਰਬੱਤ ਖਾਲਸੇ ਵੱਲੋਂ ਦਿੱਤੀਆਂ ਸਜ਼ਾਵਾਂ ਸਵੀਕਾਰ ਕਰਨਗੇ ਤੇ ਭੁਗਤਣਗੇ। ਤਾਂ ਜੋ ਖਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਰਾਹ ਖੋਹਲਿਆ ਜਾ ਸਕੇ।

Digitized by Panjab Digital Library | www.panjabdigilib.org

ਇਕ ਹੋਰ ਰਾਹ ਵੀ ਹੈ।

ਜੇ ਰੋਸ਼ਨ ਦਿਮਾਗ ਸਿੱਖ ਵਿਦਵਾਨ ਤੇ ਨਿਰਪੱਖ ਪੰਥ ਹਿਤੈਸ਼ੀ ਸਿੱਖ ਸ਼ਰੋਮਣੀ ਕਮੇਟੀ ਅਤੇ ਅਕਾਲੀ ਲੀਡਰਾਂ ਤੋਂ ਡਰਦੇ ਸਰਬੱਤ ਖਾਲਸਾ ਬੁਲਾਉਣ ਦੀ ਹਿੰਮਤ ਨਹੀਂ ਕਰਦੇ ਤਾਂ ਗੈਰ ਸਿੱਖ ਵਿਦਵਾਨਾਂ ਦੇ ਬੋਰਡ ਪਾਸੋਂ ਵੀ ਫੈਸਲਾ ਲਿਆ ਜਾ ਸਕਦਾ ਹੈ। ਕੌਣ ਨਹੀਂ ਜਾਣਦਾ ਕਿ ਸਿੱਖ ਇਤਹਾਸ ਵਿਚ ਮੈਕਾਲਿਫ, ਜੇਡੀ ਕਨਿੰਘਮ ਜੋ ਅੰਗਰੇਜ਼ ਲਿਖਾਰੀ ਸਨ, ਐਮਗਰੇਗਰ ਅਮਰੀਕਨ ਲਿਖਾਰੀ, ਹਰੀ ਰਾਮ ਗੁਪਤਾ ਅਤੇ ਇੰਦੂ ਭੂਸ਼ਨ ਬੈਨਰਜੀ ਹਿੰਦੂ ਲਿਖਾਰੀ ਅਤੇ ਲਤੀਫ ਮੁਸਲਮਾਨ ਲਿਖ਼ਾਰੀ ਸਨ ਸਭ ਦਾ ਸਿੱਖ ਇਤਹਾਸ ਵਿਚ ਵਿਸ਼ੇਸ਼ ਰੋਲ ਤੇ ਦਖਲ ਰਿਹਾ ਹੈ। ਇਸ ਲਈ ਜੇ ਨਿਰਪੱਖ, ਮਨਮੱਤਾਂ ਤੇ ਅੰਧਵਿਸ਼ਵਾਸੀ ਤੋਂ ਮੁਕਤ ਤੇ ਉੱਪਰ ਉੱਠ ਕੇ ਸੱਚ ਕੂੜ ਦਾ ਨਿਤਾਰਾ ਕਰਨ ਵਾਲੇ ਸਿੱਖ ਵਿਦਵਾਨ ਨਾ ਮਿਲ ਸਕੇ ਤਾਂ ਪਹਿਲੇ ਨੰਬਰ ਤੇ ਮੈਂ ਗ਼ੈਰ ਸਿੱਖ ਵਿਦਵਾਨਾਂ ਪਾਸ ਅਪਣਾ ਪਕਸ਼ ਰੱਖਾਂਗਾ। ਅਪਣੀਆਂ ਲਿਖਤਾਂ ਦੀ ਉਹਨਾਂ ਪਾਸੋਂ ਜਾਂਚ ਕਰਵਾਵਾਂਗਾ। ਜੇ ਉਹ ਵੀ ਮਿਲਣੇ ਮੁਸ਼ਕਲ ਹੋਏ ਜਾਂ ਉਹਨਾਂ ਇਸ ਵਿਚ ਦਖਲ ਦੇਣ ਦੀ ਦਲੇਰੀ ਨਾ ਕੀਤੀ ਤਾਂ ਮੈਂ ਜਿਵੇਂ ਟੌਹੜੇ ਨੇ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਲਈ ਹਾਈਕੋਰਟ ਤੋਂ ਫੈਸਲਾ ਲਿਆ ਹੈ। ਫਿਰ ਮੈਂ ਵੀ ਹਾਈ ਕੋਰਟ ਪਾਸੋਂ ਫੈਸਲਾ ਲਵਾਂਗਾ। ਕਿ ਟੌਹੜੇ ਦੀ ਪੋਲਟ ਬਿਓਰੋ ਦੀ ਖੁਦ ਸਾਖਤਾ ਕੂੜ ਕਚਹਿਰੀ ਦਾ ਕੋਈ ਆਈਨੀ ਵਜੂਦ ਹੈ ਕਿ ਨਹੀਂ, ਇਹ ਸਭ ਸਮੇਤ ਟੌਹੜੇ ਦੇ ਦੋਸ਼ੀ ਹਨ ਕਿ ਨਹੀਂ ? ਤੇ ਮੇਰੀਆਂ ਲਿਖਤਾਂ ਸਿੱਖ ਵਿਰੋਧੀ ਹਨ ਜਾਂ ਸਿੱਖ ਹਿਤਾਂ ਦੀਆਂ ?

## ਪ੍ਰੋ. ਮਨਜੀਤ ਸਿੰਘ ਅਤੇ ਦੂਜੇ ਜਥੇਦਾਰ ਮੈਨੂੰ ਤਲਬ ਕਰਨ ਦੇ ਮਜਾਜ਼ ਹੀ ਨਹੀਂ ਹਨ

ਪ੍ਰੋ. ਮਨਜੀਤ ਸਿੰਘ ਨਾ ਤਾਂ ਸਰਵ ਪ੍ਰਵਾਨਤ ਜਥੇਦਾਰ ਅਕਾਲ ਤਖਤ ਹੈ ਨਾ ਉਸ ਨੂੰ ਕਿਸੇ ਨੂੰ ਤਲਬ ਕਰਨ ਦਾ ਕੋਈ ਅਧਿਕਾਰ ਪ੍ਰਾਪਤ ਹੈ। ਮਨਜੀਤ ਸਿੰਘ ਐਕਟਿੰਗ ਜਥੇਦਾਰ ਹੈ। ਸ਼ਰੋਮਣੀ ਕਮੇਟੀ ਵਲੋਂ ਜਥੇਦਾਰ ਰੰਜੀਤ ਸਿੰਘ ਹੈ ਜਦ ਕਿ ਸਰਬੱਤ ਖਾਲਸੇ ਇਕੱਠ ਦਾ ਨਿਯੁੱਕਤ ਕੀਤਾ ਜਥੇਦਾਰ ਅਕਾਲ ਤਖਤ ਭਾਈ ਜਸਬੀਰ ਸਿੰਘ ਰੋਡੇ ਹੈ, ਅਜੇਹੀ ਸਥਿਤੀ ਵਿਚ ਪ੍ਰੋ. ਮਨਜੀਤ ਸਿੰਘ ਨਾ ਕਿਸੇ ਨੂੰ ਦੋਸ਼ੀ ਕਰਾਰ ਦੇ ਸਕਦਾ ਹੈ ਨਾ ਕਿਸੇ ਨੂੰ ਦੋਸ਼ ਮੁਕਤ ਕਰ ਸਕਦਾ ਹੈ। ਦੂਜੇ ਜਥੇਦਾਰਾਂ ਅਤੇ ਹੈਡਗਰੰਥੀਆਂ ਦਾ ਸਿੱਖ ਇਤਿਹਾਸ ਵਿਚ ਤੇ ਪੁਰਾਤਨ ਸਿੱਖ ਰਵਾਇਤਾਂ ਅਨੁਸਾਰ ਕੋਈ ਅਜੇਹਾ ਰੋਲ ਅੰਕਤ ਹੀ ਨਹੀਂ। 1963 ਤੱਕ ਸਿੱਖ ਚੌਂਹ ਤਖਤਾਂ ਦੀ ਹੀ ਅਰਦਾਸ ਕਰਦੇ ਰਹੇ ਪਰ ਸੰਤ ਫਤਹਿ ਸਿੰਘ ਨੇ ਦਮਦਮਾ ਸਾਹਿਬ ਨੂੰ ਪੰਜਵੇਂ ਤਖਤ ਵਜੋਂ ਮਾਨਤਾ ਦੇ ਦਿੱਤੀ, 1925 ਵਿਚ ਜਦ ਅੰਗਰੇਜ਼ ਨੇ ਗੁਰਦਵਾਰਾ ਐਕਟ ਬਣਾਇਆ ਸੀ ਤਾਂ ਉਸ ਐਕਟ ਵਿਚ ਵੀ ਕੇਵਲ ਦੋ ਤਖਤ (ਸ੍ਰੀ ਅਕਾਲ ਤਖਤ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ) ਹੀ



Digitized by Panjab Digital Library / www.panjabdigilib.org

ਸ਼ਰੋਮਣੀ ਕਮੇਟੀ ਦੇ ਦਾਇਰੇ ਵਿਚ ਸ਼ਾਮਲ ਕੀਤੇ ਸਨ। ਜੇ ਤਖਤਾਂ ਦੇ ਜਥੇਦਾਰਾਂ ਦੀ ਪੋਲਟ ਬਿਓਰੋ ਹੀ ਸਥਾਪਤ ਕਰਨੀ ਸੀ ਤਾਂ ਇਮਾਨਦਾਰੀ ਦਾ ਤਕਾਜ਼ਾ ਸੀ ਕਿ ਪਹਿਲੇ ਚੌਹਾਂ ਤਖਤ ਸਹਿਬਾਂ ਦੇ ਜਥੇਦਾਰ ਅਤੇ ਸ੍ਰੀ ਹਰਮੰਦਰ ਸਾਹਿਬ ਦੇ ਹੈਡਗਰੰਥੀ ਨੂੰ ਇਸ ਵਿਚ ਸ਼ਾਮਲ ਕੀਤਾ ਜਾਂਦਾ। ਪਰ ਟੌਹੜੇ ਨੇ ਕੇਵਲ ਉਹ ਹੀ ਸ਼ਾਮਲ ਕੀਤੇ ਜੋ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਹੋਣ ਦੇ ਨਾਤੇ ਉਸ ਦੇ ਅਧੀਨ ਸਨ ਮਾਤੈਹਤ ਸਨ। ਵੈਸੇ ਤਾਂ ਗੁਰਮੱਤ ਅਨੁਸਾਰ ਚੌਹਾਂ ਤਖਤਾਂ ਦੇ ਜਥੇਦਾਰਾਂ ਨੂੰ ਵੀ ਅਜੇਹਾ ਕੋਈ ਅਧਿਕਾਰ ਪ੍ਰਾਪਤ ਨਹੀਂ। ਜਿਸ ਰਾਹੀਂ ਉਹ ਕਿਸੇ ਸਿੱਖ ਨੂੰ ਸਿੱਖੀ ਜਾਂ ਪੰਥ ਚੋਂ ਛੇਕ ਸਕਣ ਖਾਰਜ ਕਰ ਸਕਣ। ਪਰ ਹੈਰਾਨਗੀ ਤੇ ਦੁੱਖ ਦੀ ਗੱਲ ਇਹ ਹੈ ਕਿ ਟੌਹੜੇ ਦੀ ਪੋਲਟ ਬਿਓਰੋ ਦੇ ਸਾਰੇ ਜਥੇਦਾਰ ਤੇ ਹੈਡਗਰੰਥੀ ਸਮੇਤ ਟੌਹੜੇ ਦੇ ਸਭ ਦੇ ਸਭ ਆਪ ਸ਼ਹੀਦੀ ਦੀਆਂ ਅਰਦਾਸਾਂ ਤੇ ਲਿਖਤੀ ਪ੍ਰਣ ਪੱਤਰ ਨਾ ਨਿਭਾਉਣ ਤੇ ਸ਼ਹੀਦੀਆਂ ਤੋਂ ਭਗੌੜੇ ਹੋਣ ਦੇ ਦੋਸ਼ੀ ਹਨ। ਇਹਨਾਂ ਦੋਸ਼ੀਆਂ ਨੇ ਦੂਜੇ ਸਿੱਖਾਂ ਨੂੰ ਦੋਸ਼ੀ ਕਰਾਰ ਦੇਣ ਦੀ ਪ੍ਰੰਪਰਾ ਚਲਾਈ ਹੋਈ ਹੈ। ਹਾਲਾਂਕਿ ਇਹ ਸਾਰੇ ਖੁਦ ਬਜਰ ਕੁਰਹਿਤੀਏ ਹਨ। ਇਹਨਾਂ ਬਜਰ ਕੁਰਹਿਤਾਂ ਦੇ ਦੋਸ਼ੀਆਂ ਦੇ ਟੋਲੇ ਨੂੰ ਸੁਪਰੀਮ ਅਦਾਲਤ ਤਸਲੀਮ ਨਹੀਂ ਕੀਤਾ ਜਾ ਸਕਦਾ ਤੇ ਇਹਨਾਂ ਦੇ ਸਰਗਨੇ (ਟੌਹੜੇ) ਨੂੰ ਗੁਰੂ ਨਾਨਕ ਦੀ ਸਿੱਖੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਦਾ ਥੋਕ ਦਾ ਠੇਕੇਦਾਰ ਅਤੇ ਮਾਲਕ ਤਸਲੀਮ ਨਹੀਂ ਕੀਤਾ ਜਾ ਸਕਦਾ। ਟੌਹੜੇ ਦੀ ਪੋਲਟ ਬਿਓਰੋ ਕੂੜ ਕਚਹਿਰੀ ਹੈ। ਅਕਾਲੀ ਲੀਡਰਾਂ ਨੇ 1961 ਤੋਂ 1994 ਤੱਕ ਵੰਨ-ਸੁਵੰਨੀਆਂ ਮਨਮੱਤਾਂ ਤੇ ਨਾਟਕਾਂ ਰਾਹੀਂ ਅਕਾਲ ਤਖਤ ਨੂੰ ਕਲੰਕ ਲਾਏ ਤੇ ਪਵਿੱਤਰ ਅਸਥਾਨ ਨੂੰ ਕੁਫਰ ਗੜ੍ਹ ਸਿੱਧ ਕਰਨ ਦੇ ਯਤਨ ਕੀਤੇ। ਸਮੁੱਚੇ ਸਿੱਖ ਭਲੀ ਪ੍ਰਕਾਰ ਜਾਣਦੇ ਹਨ ਕਿ ਮਰਨ ਵਰਤ ਜਿਨ੍ਹਾਂ ਦਾ ਗੁਰੂ ਨਾਨਕ ਨੇ ਜ਼ੋਰਦਾਰ ਖੰਡਨ ਕੀਤਾ ਸੀ, ਉਹ 1961 ਵਿਚ ਅਕਾਲ ਤਖਤ ਤੋਂ ਹੀ ਆਰੰਭ ਕੀਤੇ ਗਏ। ਸ਼ਹੀਦੀ ਦੀਆਂ ਅਰਦਾਸਾਂ ਕਰਕੇ ਨਾ ਨਿਭਾਉਣ ਦੀ ਰੀਤ ਵੀ ਅਕਾਲ ਤਖਤ ਤੇ ਹੀ ਟੋਰੀ ਗਈ। 25 ਦਸੰਬਰ 1966 ਨੂੰ ਸ਼ਹੀਦੀ ਦਾ ਝੂਠਾ ਨਾਟਕ ਵੀ ਅਕਾਲ ਤਖਤ ਉਤੇ ਹੀ ਖੇਡਿਆ ਗਿਆ। ਅਕਾਲ ਤਖਤ ਨੂੰ ਸ਼ਮਸ਼ਾਨ ਘਾਟ ਸਿੱਧ ਕਰਨ ਲਈ ਝੂਠੀਆਂ ਮੜ੍ਹੀਆਂ (ਅਗਨ ਕੁੰਡ) ਵੀ ਅਕਾਲ ਤਖਤ ਉਤੇ ਹੀ ਬਣਾਈਆਂ ਗਈਆਂ। ਫਿਰ ਜਦ 1979 ਵਿਚ ਟੌਹੜੇ ਨੇ ਜਥੇਦਾਰਾਂ ਪਾਸੋਂ ਰਾਜਸੀ ਫੈਸਲੇ ਕਰਵਾਉਣ ਤੇ ਸਿਆਸੀ ਵਿਰੋਧੀਆਂ ਨੂੰ ਥੱਲੇ ਲਾਉਣ ਦੀ ਰੀਤ ਚਲਾਈ ਤਾਂ ਪੁਰਾਤਨ ਸਿੱਖ ਰਵਾਇਤਾਂ ਦਾ ਖੂਨ ਵੀ ਅਕਾਲ ਤਖਤ ਤੇ ਹੀ ਕੀਤਾ ਗਿਆ। ਅਕਾਲ ਤਖਤ ਤੇ ਹੀ ਧਰਮ ਯੁੱਧ ਮੋਰਚੇ ਸਮੇਂ ਸਵਾ ਡੇਢ ਲੱਖ ਦੇ ਨੇੜੇ ਸਮੁੱਚੇ ਅਕਾਲੀ ਲੀਡਰਾਂ, ਧਾਰਮਿਕ ਸਿੱਖ ਜਥੇਬੰਦੀਆਂ, ਤਖਤਾਂ ਦੇ ਜਥੇਦਾਰਾਂ, ਹੈਡਗਰੰਥੀਆਂ, ਸ਼ਰੋਮਣੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ ਤੇ ਮੁਲਾਜ਼ਮਾਂ, ਅਕਾਲੀ ਵਰਕਰਾਂ ਅਤੇ ਅਕਾਲੀਆਂ ਦੇ ਸਹਿਯੋਗੀਆਂ ਤੇ ਹਮਾਇਤੀਆਂ ਸਭ ਨੇ ਸ਼ਹੀਦੀ ਦੇ ਲਿਖਤੀ ਪ੍ਰਣ ਪੱਤਰ ਭਰੇ ਕਿ ਜੇ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਹੋਇਆ ਤਾਂ ਉਹ



Digitized by Panjab Digital Library | www.panjabdigilib.org

ਸਾਰੇ ਜੂਝ ਕੇ ਸ਼ਹੀਦੀਆਂ ਦੇਣਗੇ ਤੇ ਟੌਹੜੇ ਨੇ ਸਾਰੇ ਪ੍ਰਣ ਪੱਤਰ ਭਰਨ ਵਾਲਿਆਂ ਨੂੰ ਮਰਜੀਵੜਿਆਂ ਦੇ ਖ਼ਿਤਾਬ ਨਾਲ ਨਿਵਾਜਿਆ। ਪਰ ਜਦ 4 ਜੂਨ 1984 ਨੂੰ ਦਰਬਾਰ ਸਾਹਿਬ ਸਮੂਹ ਅੰਦਰ ਫੌਜੀ ਹਮਲਾ ਹੋਇਆ ਤਾਂ ਸਿਵਾਏ ਸੰਤ ਭਿੰਡਰਾਂਵਾਲੇ ਤੇ ਉਸ ਦੇ ਕੁਝ ਸਾਥੀਆਂ ਦੇ ਕੋਈ ਸ਼ਹੀਦ ਨਾ ਹੋਇਆ। ਇਹ ਮਰਜੀਵੜਿਆਂ ਦਾ ਝੂਠਾ ਨਾਟਕ ਵੀ ਅਕਾਲ ਤਖਤ ਉਤੇ ਹੀ ਖੇਡਿਆ ਗਿਆ। ਸੂਝਵਾਨ ਸਿੱਖ ਪੁੱਛਦੇ ਹਨ, ਕੀ ਤੇ ਕਿਥੇ ਰਹਿ ਗਈ ਅਕਾਲ ਤਖਤ ਦੀ ਸਰਵੁੱਚਤਾ ? ਕੀ ਰਹਿ ਗਿਆ ਅਕਾਲ ਤਖਤ ਦਾ ਸਤਿਕਾਰ ਤੇ ਵੱਕਾਰ ? ਹੋਰ ਤਾਂ ਹੋਰ ਅਕਾਲ ਤਖਤ ਦਾ ਜਥੇਦਾਰ ਤੇ ਹਰਮੰਦਰ ਸਾਹਿਬ ਦਾ ਹੈਡਗਰੰਥੀ ਵੀ ਲਿਖਤੀ ਪ੍ਰਣ ਪੱਤਰਾਂ ਦੇ ਆਧਾਰ ਤੇ ਸ਼ਹੀਦ ਨਾ ਹੋਏ ਉਹ ਵੀ ਸ਼ਹੀਦੀਆਂ ਤੋਂ ਭਗੌੜੇ ਹੋ ਗਏ। ਅਕਾਲ ਤਖਤ ਵਾਲੀ ਤਾਂ ਅਕਾਲੀ ਲੀਡਰਾਂ ਤੇ ਤਖਤਾਂ ਦੇ ਜਥੇਦਾਰਾਂ ਨੇ ਉਰਦੂ ਦੇ ਹੇਠ ਦਰਜ ਸ਼ਿਅਰ ਵਾਲੀ ਹਾਲਤ ਬਣਾ ਦਿੱਤੀ।

ਦਿਲ ਕੇ ਫਫੋਲੇ ਜਲ ਉਠੇ ਸੀਨੇ ਕੇ ਦਾਗ਼ ਸੇ।  
ਇਸ ਘਰ ਕੋ ਅੱਗ ਲਗ ਗਈ ਘਰ ਕੇ ਚਰਾਗ਼ ਸੇ।

ਅਕਾਲੀ ਲੀਡਰਾਂ ਤੇ ਤਖਤਾਂ ਦੇ ਜਥੇਦਾਰਾਂ ਨੇ ਨਿੱਜ ਦੀਆਂ ਮਨਮੱਤਾਂ ਰਾਹੀਂ ਆਪ ਹੀ ਅਕਾਲ ਤਖਤ ਦੀ ਸਰਵੁੱਚਤਾ ਖਤਮ ਕੀਤੀ ਹੈ। ਟੌਹੜੇ ਤੇ ਲੌਂਗੋਵਾਲ ਨੇ ਫੌਜੀ ਹਮਲੇ ਲਈ ਹਰੀ ਝੰਡੀ ਦੇ ਕੇ ਅਕਾਲ ਤਖਤ ਦੀ ਤਬਾਹੀ ਵੀ ਆਪ ਹੀ ਕਰਵਾ ਦਿੱਤੀ। ਟੌਹੜੇ ਨੇ ਫਿਰ ਏਥੇ ਹੀ ਬੱਸ ਨਾ ਕੀਤੀ। ਪਹਿਲਾਂ ਸੰਤਾ ਸਿੰਘ ਨਿਹੰਗ ਦਾ ਬਣਾਇਆ ਹੋਇਆ ਅਕਾਲ ਤਖਤ ਜਥੇਦਾਰਾਂ ਤੇ ਹੈਡਗਰੰਥੀਆਂ ਪਾਸੋਂ ਦੁੱਧ ਨਾਲ ਧੁਆ ਕੇ ਪਵਿੱਤਰ ਕਰਾਰ ਦਿਵਾ ਕੇ ਪ੍ਰਵਾਨ ਕਰਵਾ ਦਿੱਤਾ। ਪਰ ਸਵਾ ਸਾਲ ਪਿਛੋਂ ਸਿੱਖ ਨੌਜਵਾਨਾਂ ਨੂੰ ਖੁਸ਼ ਕਰਨ ਲਈ ਉਹਨਾਂ ਨੂੰ ਉੱਚਕਲ ਦੇ ਕੇ ਉਹਨਾਂ ਪਾਸੋਂ ਅਕਾਲ ਤਖਤ ਢੁਹਾ ਦਿੱਤਾ। ਜਿਸ ਦੇ ਨਤੀਜੇ ਵਜੋਂ 1986 ਤੋਂ 1992 ਤੱਕ ਅਕਾਲ ਤਖਤ ਆਪਣੇ ਪੈਰੀਂ ਖੜ੍ਹਾ ਨਾ ਹੋ ਸਕਿਆ। ਜੇ ਸੱਤਾਂ ਸਾਲਾਂ ਪਿਛੋਂ ਅਕਾਲ ਤਖਤ ਆਪਣੇ ਪੈਰਾਂ ਤੇ ਖੜ੍ਹਾ ਹੋਇਆ ਹੀ ਹੈ ਤਾਂ ਟੌਹੜੇ ਨੇ ਫਿਰ ਅਕਾਲ ਤਖਤ ਦੀ ਗਲਤ ਵਰਤੋਂ ਵਾਲੀ ਖੇਡ ਦੋਬਾਰਾ ਆਰੰਭ ਕਰਵਾ ਦਿੱਤੀ ਹੈ। ਆਪਣੇ ਆਲੋਚਕਾਂ ਦੇ ਮੂੰਹ ਬੰਦ ਕਰਨ ਲਈ ਆਪਣੇ ਮਾਤੈਹਤ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਜਥੇਦਾਰਾਂ ਤੇ ਹੈਡਗਰੰਥੀਆਂ ਪਾਸੋਂ ਸਜ਼ਾਵਾਂ ਦੇ ਡਰਾਵਿਆਂ ਨਾਲ ਭੈ ਭੀਤ ਕਰਨ ਦੀ ਨੀਤੀ ਅਪਣਾਈ ਹੋਈ ਹੈ। ਜੋ ਸਿੱਖ ਵਿਦਵਾਨ ਟੌਹੜੇ ਨੂੰ ਕੌਮ ਘਾਤਕ ਤੇ ਸਿੱਖ ਦੁਸ਼ਮਣਾਂ ਦੇ ਹੱਥਾਂ ਵਿਚ ਖੇਡਣ ਵਾਲਾ ਮੰਨਦੇ ਹੋਏ ਵੀ ਟੌਹੜੇ ਨੂੰ ਧਰਮੀ ਤੇ ਖਾਲਸਾ ਪੰਥ ਦਾ ਠੇਕੇਦਾਰ ਅਤੇ ਸਿੱਖ ਕੌਮ ਦਾ ਦਿਮਾਗ ਪ੍ਰਚਾਰਨ ਜਾਂ ਟੌਹੜੇ ਦੀ ਸਿੱਖ ਦੁਸ਼ਮਣੀ ਤੇ ਪਰਦਾ ਪਾਈ ਰੱਖਣ ਦਾ ਵਿਸ਼ਵਾਸ ਦਿਵਾਉਣ; ਉਹਨਾਂ ਨੂੰ ਟੌਹੜਾ ਪੰਝੀ-ਪੰਝੀ ਹਜਾਰ ਰੁਪਏ ਤੇ ਸ਼ਾਲਾਂ ਦੇ ਕੇ ਸਨਮਾਨਤ ਕਰਦਾ ਹੈ, ਪਰ ਜੋ ਟੌਹੜਾ ਜਲੋਂ, ਟੌਹੜਾ ਥਲੇ, ਹੈ ਵੀ ਟੌਹੜਾ ਹੋਸੀ ਵੀ ਟੌਹੜਾ



Digitized by Panjab Digital Library | www.panjabdigilib.org

ਦੀ ਮੁਹਾਰਨੀ ਨਾ ਪੜ੍ਹਨ, ਉਹਨਾਂ ਨੂੰ ਟੌਹੜਾ ਮਾਤੈਹਤ ਜਥੇਦਾਰਾਂ ਤੇ ਹੈਡਗਰੰਥੀਆਂ ਰਾਹੀਂ ਅਕਾਲ ਤਖਤ ਤੇ ਸਦਵਾ ਕੇ ਸਜ਼ਾਵਾਂ ਦਿਵਾ ਕੇ ਉਹਨਾਂ ਦਾ ਮੂੰਹ ਬੰਦ ਕਰਵਾਉਣ ਦੇ ਯਤਨ ਕਰਦਾ ਹੈ ਤਾਂ ਜੋ ਕੋਈ ਵੀ ਵਿਦਵਾਨ ਤੇ ਲਿਖਾਰੀ ਟੌਹੜੇ ਦੀਆਂ ਮਨਮੱਤਾਂ, ਕੁਟਲ ਨੀਤੀਆਂ ਅਤੇ ਸਿੱਖ ਦੁਸ਼ਮਣੀ ਦੀਆਂ ਕਾਰਵਾਈਆਂ ਤੋਂ ਸਿੱਖ ਸੰਗਤਾਂ ਨੂੰ ਜਾਣੂੰ ਨਾ ਕਰਵਾ ਸਕੇ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਟੌਹੜੇ ਦੇ ਅਕਾਲ ਤਖਤ ਦੇ ਹੰਟਰ ਅਤੇ ਟੌਹੜੇ ਦੇ ਗੁਰਮੱਤ ਦੇ ਵਿਰੋਧੀ ਜਲਾਦਾਂ (ਜਥੇਦਾਰਾਂ ਤੇ ਹੈਡਗਰੰਥੀਅ ਦੀ ਪੌਲਟ ਬਿਓਰੋ) ਤੋਂ ਡਰਦਾ ਕੋਈ ਸਿੱਖ ਵਿਦਵਾਨ ਤੇ ਲਿਖਾਰੀ ਪ੍ਰੀਹਲਾਦ ਦਾ ਰੋਲ ਤੇ ਕ੍ਰਿਦਾਰ ਅਦਾ ਕਰੇਗਾ ਹੀ ਨਹੀਂ ਤਾਂ ਕੀ ਉਸ ਹਾਲਤ ਵਿਚ ਹਰਨਾਕਸ਼ (ਟੌਹੜਾ) ਅਕਾਲ ਪੁਰਖ ਤੇ ਧਰਮ (ਸਿੱਖੀ ਤੇ ਖਾਲਸਾ ਪੰਥ) ਲਈ ਇਕ ਗੰਭੀਰ ਚੁਨੌਤੀ ਤੇ ਸਿਰ ਦੀ ਸੱਟ ਸਾਬਤ ਨਹੀਂ ਹੋਵੇਗਾ ? ਕਿੱਡਾ ਮੱਕਾਰ ਤੇ ਹੁਸ਼ਿਆਰ ਹੈ ਇਹ ਨਾਸਤਕ ਟੌਹੜਾ। ਇਕੋ ਸਮੇਂ ਤੇ ਸੱਜਨ ਠੱਗ ਤੇ ਕੌਡੇ ਰਾਕਸ਼ ਦੇ ਰੋਲ ਤੇ ਕ੍ਰਿਦਾਰ ਬੜੀ ਸਫਲਤਾ ਨਾਲ ਅਦਾ ਕਰੀ ਜਾ ਰਿਹਾਂ ਹੈ। ਅਤੇ ਅੰਦਰ ਖਾਤੇ ਉਸ ਦੀ ਮਲਕ ਭਾਗੋ (ਹਿੰਦ ਸ੍ਰਕਾਰ) ਨਾਲ ਵੀ ਪੂਰੀ ਗੰਢ ਸੰਢ ਹੈ ਪਰ ਸਿੱਖ ਕੌਮ ਦੀ ਬਦਕਿਸਮਤੀ ਇਹ ਹੈ, ਕਿ ਗੁਰੂ ਨਾਨਕ ਦੇ ਨਾਮ ਲੇਵਾ ਸਿੱਖ ਅੰਧਵਿਸ਼ਵਾਸ਼ੀ ਵਿਚ ਫੱਸ ਕੇ ਟੌਹੜੇ ਨੂੰ ਭਾਈ ਲਾਲੋ ਦਾ ਪਿਤਾ ਸਮਝ ਕੇ ਸਾਰੇ ਧੋਖੇ ਖਾਈ ਜਾ ਰਹੇ ਹਨ। ਉਸ ਨੂੰ ਸਮਝਣ ਦੀ ਯੋਗਤਾ ਨਹੀਂ ਰੱਖਦੇ। ਪਰ ਮੈਂ ਗੁਰੂ ਨਾਨਕ ਦਾ ਨਿਮਾਣਾ ਜਿਹਾ ਸਿੱਖ ਹੁੰਦੇ ਇਹ ਪੱਕਾ ਮਨ ਬਣਾਇਆ ਹੋਇਆ ਹੈ ਕਿ ਮੈਂ ਟੌਹੜੇ ਤੇ ਉਸਦੀ ਪੌਲਟ ਬਿਓਰੋ ਦਾ ਤਲਿਸਮ ਤੋੜ ਕੇ ਤੇ ਖਤਮ ਕਰਕੇ ਹੀ ਰਹਿਣਾ ਹੈ। ਮੈਂ ਇਸ ਕੂੜ ਕਚਹਿਰੀ ਵਾ ਭਾਂਡਾ ਸਿੱਖ ਸੰਗਤਾਂ ਦੇ ਸਾਹਮਣੇ ਚੌਰਾਹੇ ਵਿਚ ਭੰਨਣਾ ਹੀ ਹੈ ਤੇ ਏਸੇ ਮਨੋਰਥ ਲਈ ਮੈਂ ਕਹਿੰਦਾ ਹਾਂ ਕਿ ਪ੍ਰੋ. ਮਨਜੀਤ ਸਿੰਘ ਤੇ ਦੂਜੇ ਜਥੇਦਾਰ ਮੈਨੂੰ ਅਪਣੀ ਕੂੜ ਕਚਹਿਰੀ ਵਿਚ ਤਲਬ ਕਰਨ ਦੇ ਮਜਾਜ਼ ਹੀ ਨਹੀਂ ਹਨ। ਕਿਉਂਕਿ ਪੇਸ਼ਾਵਰ ਮੁਜਰਮ ਕਦੇ ਮੁਨਸਿਫ਼ ਤੇ ਜੱਜ ਨਹੀਂ ਮੰਨਿਆ ਜਾ ਸਕਦਾ। ਮੈਂ ਰੋਸ਼ਨ ਦਿਮਾਗ ਸਿੱਖ ਵਿਦਵਾਨਾਂ ਅਤੇ ਨਿਰਪੱਖ਼ ਪੰਥ ਹਿਤੈਸ਼ੀਆਂ ਦੇ ਸਰਬੱਤ ਖਾਲਸਾ ਇਕੱਠ ਤੋਂ ਫੈਸਲਾ ਕਰਵਾਉਣਾ ਚਾਹੁੰਦਾ ਹਾਂ।

## ਰੋਸ਼ਨ ਦਿਮਾਗ ਸਿੱਖ ਵਿਦਵਾਨਾਂ, ਨਿਰਪੱਖ ਸੱਚੇ ਪੰਥ ਹਿਤੈਸ਼ੀਆਂ ਅਤੇ ਸ਼ਹੀਦਾਂ ਦੇ ਵਾਰਸਾਂ ਨੂੰ ਵੰਗਾਰ ਮਈ ਬੇਨਤੀ।

ਮੈਂ ਰੋਸ਼ਨ ਦਿਮਾਗ ਸਿੱਖ ਵਿਦਵਾਨਾਂ, ਨਿਰਪੱਖ ਬੁੱਧੀਵਾਨਾਂ, ਸਿੱਖ ਐਡਵੋਕੇਟਾਂ, ਕਾਨੂੰਨਦਾਨਾਂ ਪਰਿੰਸੀਪਲਾਂ, ਹੈਡਮਾਸਟਰਾਂ, ਰੀਟਾਇਰਡ ਸਿਵਲ ਤੇ ਫੌਜੀ ਅਫਸਰਾਂ ਜੋ ਸਭ



Digitized by Panjab Digital Library | www.panjabdigilib.org

ਸਿੱਖ ਕੌਮ ਦਾ ਸਰਮਾਇਆ ਹਨ ਤੇ ਨਰੋਆ ਅੰਗ ਹਨ ਨੂੰ ਅਪੀਲ ਤੇ ਬੇਨਤੀ ਕਰਦਾ ਕਿ ਉਹ ਸਿੱਖੀ ਚੋਂ ਮਨਮੱਤਾਂ ਤੇ ਅੰਧਵਿਸ਼ਵਾਸੀ ਖਤਮ ਕਰਨ ਲਈ ਮੇਰਾ ਸਾਥ ਦੇਣ। ਸੱਚ ਤੇ ਝੂਠ ਦਾ ਨਿਤਾਰਾ ਕਰਨ, ਲਈ ਨਿਰਪੱਖ ਵਿਦਵਾਨਾਂ ਤੇ ਦੋਸ਼ ਮੁਕਤ ਸਿੱਖਾਂ ਦਾ ਸਰਬੱਤ ਖਾਲਸਾ ਇਕੱਠ ਬੁਲਾਉਣ ਤਾਂ ਜੋ ਗੁਰੂ ਨਾਨਕ ਦੀ ਸਿੱਖੀ ਨੂੰ ਕਲੰਕ ਲਾਉਣ ਵਾਲੇ, ਕੁਰਾਹੇ ਪਾਉਣ ਵਾਲੇ, ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਤੋਂ ਮੁਣਕਰ ਤੇ ਬਾਗੀ ਹੋਣ ਵਾਲੇ, ਸ਼ਹੀਦੀਆਂ ਤੋਂ ਭਗੌੜੇ ਹੋ ਚੁੱਕੇ ਭੇਖੀ ਸਿੱਖ ਲੀਡਰਾਂ ਨੂੰ ਸਿੱਖ ਸੰਗਤਾਂ ਸਾਹਮਣੇ ਨੰਗਾ ਕਰਕੇ ਦੋਸ਼ੀ ਸਿੱਧ ਕਰਕੇ ਸਿੱਖੀ ਤੇ ਸਿੱਖਾਂ ਦੇ ਗਲੋਂ ਲਾਹ ਕੇ ਦੂਰ ਸੁੱਟਿਆ ਜਾ ਸਕੇ।

ਮੈਨੂੰ ਵਿਸ਼ਵਾਸ਼ ਹੈ ਕਿ ਸਿੱਖ ਕੌਮ ਵਿਚ ਅੱਜ ਵੀ ਨਿਰਪੱਖ ਸੋਚ ਵਾਲੇ ਅਜੇਹੇ ਸਿੱਖ ਵਿਦਵਾਨ ਤੇ ਪਤਵੰਤੇ ਸੂਝਵਾਨ ਸਿੱਖ ਮੌਜੂਦ ਹਨ ਜੋ ਸੱਚੇ ਨੂੰ ਸੱਚਾ ਤੇ ਝੂਠੇ ਨੂੰ ਝੂਠਾ ਕਹਿ ਸਕਦੇ ਹਨ। ਇਹ ਵੀ ਠੀਕ ਹੈ ਕਿ ਗੁਰਬਾਣੀ ਦੇ ਕਥਣ ਅਨੁਸਾਰ, "ਹੈਣ ਵਿਰਲੇ ਨਹੀਂ ਘਣੇ" ਪਰ ਹਨ ਜ਼ਰੂਰ। ਮੈਂ ਉਹਨਾਂ ਵਿਰਲੇ ਸਿੱਖਾਂ ਨੂੰ ਬੇਨਤੀ ਕਰਦਾ ਹਾਂ, ਕਿ ਉਹ ਮੈਦਾਨ ਵਿਚ ਨਿੱਤਰਣ, ਤਾਂ ਜੋ ਕੌਮ ਨੂੰ ਮਨਮੱਤਾਂ ਤੇ ਅੰਧਵਿਸ਼ਵਾਸੀ ਚੋਂ ਨਿਜਾਤ ਦਿਵਾ ਕੇ ਚੜ੍ਹਦੀ ਕਲਾ ਵੱਲ ਲਿਜਾਇਆ ਜਾ ਸਕੇ। ਇਹ ਹੀ ਵਰਤਮਾਨ ਸਿੱਖ ਸੰਕਟ ਨੂੰ ਟਾਲਣ ਦਾ ਅਸਲ ਤਰੀਕਾ ਹੈ ਰਾਹ ਹੈ। ਸਿੱਖ ਕੌਮ ਦੀ ਇਸ ਤੋਂ ਵੱਡੀ ਬਦਬਖਤੀ ਹੋਰ ਕੀ ਹੋ ਸਕਦੀ ਹੈ। ਕਿ ਸਿੱਖ ਕੌਮ ਗੰਭੀਰ ਸੰਕਟ ਵਿਚ ਫਸੀ ਹੋਵੇ, ਧਰਮ ਅਸਥਾਨ ਤਬਾਹ ਕਰਵਾ ਚੁੱਕੀ ਹੋਵੇ। 50 ਹਜ਼ਾਰ ਦੇ ਨੇੜੇ ਨਰੋਏ ਗੱਭਰੂ ਮਰਵਾ ਚੁੱਕੀ ਹੋਵੇ, ਸਿੱਖ ਲੀਡਰ ਫਿਰ ਵੀ ਨਾਂ ਤਿਆਗ ਕਰਨ ਨੂੰ ਤਿਆਰ ਹੋਣ ਨਾਂ ਅਪਣਾ ਸਿੱਖ ਦੁਸ਼ਮਣੀ ਤੇ ਸੁਕਾਰ ਦੇ ਪਿਆਰ ਦਾ ਸੁਭਾਅ ਤਿਆਗਣ ਦੇ ਹੱਕ ਵਿਚ ਹੋਣ, ਨਿੱਤ ਨਵਾਂ ਧੋਖਾਂ ਦੇ ਕੇ ਕੌਮ ਨੂੰ ਕੁਰਾਹੇ ਪਾਉਣ ਦੇ ਯਤਨ ਕਰਦੇ ਰਹਿਣ। ਪਰ ਸਿੱਖ ਵਿਦਵਾਨ ਤੇ ਬੁੱਧੀਵਾਨ ਇਨ੍ਹਾਂ ਲੀਡਰਾਂ ਦੇ ਨੇੜ ਪਿਆਰ ਵਿਚ ਫੱਸ ਕੇ ਸੱਚੇ ਨੂੰ ਸੱਚਾ, ਝੂਠੇ ਨੂੰ ਝੂਠਾ, ਦਰੁਸਤ ਨੂੰ ਦਰੁਸਤ ਤੇ ਗਲਤ ਨੂੰ ਗਲਤ ਕਹਿਣ ਦੀ ਹਿੰਮਤ ਨਾ ਕਰਨ। ਕੌਮ ਦਾ ਭਵਿੱਖ ਉੱਜਲਾ ਕਰਨ ਵਿਚ ਕੋਈ ਹਿੱਸਾ ਨਾ ਪਾਉਣ? ਅਜੇਹਾ ਕਰਨਾ ਨਾਂ ਤਾਂ ਸੋਭਾ ਦੀ ਗੱਲ ਹੈ ਨਾਂ ਹੀ ਸਿੱਖ ਕੌਮ ਲਈ ਅਪਣਾ ਵਾਜਬੀ ਫਰਜ਼ ਨਿਭਾਉਣ ਦੀ ਗੱਲ ਹੈ। ਮੈਂ ਤੁਹਾਨੂੰ ਸ਼ਹੀਦੀਆਂ ਦੇਣ ਲਈ ਤਾਂ ਨਹੀਂ ਵੰਗਾਰ ਰਿਹਾ, ਮੈਂ ਕੇਵਲ ਇਹ ਹੀ ਕਹਿੰਦਾ ਹਾਂ। ਦਰੁਸਤ ਤੇ ਗਲਤ ਦਾ ਨਿਰਣਾ ਕਰੋ, ਗੁਰਮੱਤ ਤੇ ਮਨਮੱਤ ਦਾ ਨਿਰਣਾ ਕਰੋ। ਸੌ ਭਰੀ ਲੂਹ ਦੇਣ ਵਾਲੇ ਤੇ ਸੌ ਭਰੀ ਖਲਵਾੜੇ ਲਾਉਣ ਵਾਲਿਆਂ ਵਿਚ ਤਮੀਜ਼ ਕਰੋ ਜੇ ਤੁਸੀਂ ਇਹ ਵੀ ਕਰਨ ਨੂੰ ਤਿਆਰ ਨਹੀਂ ਤਾਂ ਤੁਹਾਡੀ ਵਿਦਵਾਨੀ ਤੇ ਬੁੱਧੀ ਮਾਨੀ ਸਿੱਖ ਕੌਮ ਦੇ ਕਿਸ ਕੰਮ ਹੈ?

ਕੌਣ ਨਹੀਂ ਜਾਣਦਾ ਕਿ ਅੱਜ ਤੋਂ ਦੋ ਸਾਲ ਪਹਿਲਾਂ ਜਦ ਪੰਜ ਪੰਥਕ ਜਥੇਬੰਦੀਆਂ ਨੇ ਟੌਹੜੇ ਵਿਰੁੱਧ ਜਥੇਦਾਰ ਲੰਗ ਦੇ ਕਤਲ ਬਾਰੇ ਜਾਂਚ ਕਮੇਟੀ ਮੁਕੱਰਰ



Digitized by Panjab Digital Library | www.panjabdigilib.org

ਕੀਤੀ ਸੀ ਤਾਂ ਟੌਹੜਾ ਇਸ ਤਰ੍ਹਾਂ ਕਸੂਤਾ ਫੱਸ ਗਿਆ ਸੀ ਜਿਵੇਂ ਬਿੱਲਾ ਕੰਡਿਆਂ ਵਾਲੀ ਵਾੜ ਵਿਚ ਫਸ ਜਾਂਦਾ ਹੈ। ਪਰ ਟੌਹੜਾ ਝੱਟ ਬਾਦਲ ਨੂੰ ਵਰਤ ਕੇ ਉਹ ਜਾਂਚ ਕਮੇਟੀ ਹੀ ਖਤਮ ਕਰਵਾ ਗਿਆ। ਜਦ ਟੌਹੜੇ ਦੇ ਆਪਣੇ ਸਿਰੋਂ ਬਲਾ ਟਲ ਗਈ ਤਾਂ ਟੌਹੜਾ ਫਿਰ ਬਾਦਲ ਨੂੰ ਸਿਫਰ ਕਰਨ ਵਿਚ ਜੁਟ ਗਿਆ। ਅੱਜ ਦੇ ਹਾਲਾਤ ਫਿਰ ਮੰਗ ਕਰਦੇ ਹਨ ਕਿ ਟੌਹੜੇ ਦੀਆਂ ਨਿੱਤ ਦੀਆਂ ਲੁੱਦ-ਗੜਿੱਚੀਆਂ ਤੇ ਸਿੱਖ ਦੁਸ਼ਮਣੀ ਦੀਆਂ ਨੀਤੀਆਂ ਤੇ ਕਾਰਵਾਈਆਂ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਏ। ਇਹ ਜਾਂਚ ਕਿਸੇ ਕਮੇਟੀ ਪਾਸੋਂ ਨਹੀਂ, ਸਗੋਂ ਰੋਸ਼ਨ ਦਿਮਾਗ, ਨਿਰਪੱਖ ਸੋਚ ਵਾਲੇ ਸਿੱਖ ਵਿਦਵਾਨਾਂ ਅਤੇ ਪੰਥ ਹਿਤੈਸ਼ੀਆਂ ਦੇ ਸਰਬੱਤ ਖਾਲਸਾ ਇਕੱਠ ਪਾਸੋਂ ਕਰਵਾਈ ਜਾਏ, ਤੇ ਅਜੇਹਾ ਸਰਬੱਤ ਖਾਲਸਾ ਇਕੱਠ ਹੀ ਫੈਸਲਾ ਕਰੇ ਕਿ ਟੌਹੜੇ ਜਿਸ ਨੇ ਅਕਾਲ ਤਖਤ ਦਰਬਾਰ ਸਾਹਿਬ ਦੀ ਤਬਾਹੀ ਕਰਵਾਈ, ਹਜ਼ਾਰਾਂ ਸਿੱਖ ਮਰਵਾਏ। ਕੌਮ ਨੂੰ ਖੂਨੀ ਖੇਡ ਵਿਚ ਫਸਾਇਆ, ਫਿਰ ਸਾਰੇ ਜੁਝਾਰੂ ਖਤਮ ਕਰਵਾਏ ਅਕਾਲੀ ਲੀਡਰਸ਼ਿਪ ਲੀਰੋ ਲੀਰ ਕੀਤੀ। ਇਸ ਨਾਲ ਸਿੱਖਾਂ ਨੂੰ ਕੀ ਵਰਤਾਓ ਕਰਨਾ ਚਾਹੀਦਾ ਹੈ ਤੇ ਕੀ ਸਜ਼ਾ ਦੇਣੀ ਚਾਹੀਦਾ ਹੈ? ਇਹ ਇਕੱਠ ਹੀ ਜੋ ਰੋਸ਼ਨ ਦਿਮਾਗ ਸਿੱਖ ਵਿਦਵਾਨਾਂ ਅਤੇ ਨਿਰਪੱਖ ਪੰਥ ਹਿਤੈਸ਼ੀਆਂ ਦਾ ਹੋਵੇਗਾ, ਉਹ ਹੀ ਮੇਰੀਆਂ ਸਾਰੀਆਂ ਲਿਖਤਾਂ ਦੀ ਜਾਂਚ ਕਰੇ। ਜੇ ਮੈਂ ਦੋਸ਼ੀ ਸਿੱਧ ਹੋਵਾਂਗਾ ਤਾਂ ਮੈਂ ਜੋ ਸਜ਼ਾ ਮੈਨੂੰ ਸਰਬੱਤ ਖਾਲਸਾ ਦੇਵੇਗਾ ਖੁਸ਼ੀ ਨਾਲ ਪ੍ਰਵਾਨ ਕਰਾਂਗਾ। ਪਰ ਜਥੇਦਾਰਾਂ ਤੇ ਹੈਡਗਰੰਥੀਆਂ ਦੀ ਟੌਹੜੇ ਵਲੋਂ ਸਥਾਪਤ ਕੀਤੀ ਪੋਲਟ ਬਿਓਰੋ ਤੇ ਟੌਹੜਾ ਜੋ ਮੇਰੇ ਨਾਲੋਂ ਹਜ਼ਾਰਾਂ ਗੁਣਾਂ ਆਪ ਵਧੇਰੇ ਦੋਸ਼ੀ ਹਨ, ਦੇ ਸਾਹਮਣੇ ਪੇਸ਼ ਹੋ ਕੇ ਮੈਂ ਮਨਮੱਤੀਆਂ ਤੇ ਅੰਧਵਿਸ਼ਵਾਸੀਆ ਸਾਬੂਤ ਨਹੀਂ ਹੋਣਾ ਚਾਹੁੰਦਾ। ਇਸ ਲਈ ਮੈਂ ਆਪਣਾ ਪਕਸ਼ ਲਿਖਤੀ ਤੌਰ ਤੇ ਇਸ ਪੈਂਮਫਲਿਟ ਦੇ ਰੂਪ ਵਿਚ ਸਮੁੱਚੀਆਂ ਸਿੱਖ ਸੰਗਤਾਂ ਅਤੇ ਰੋਸ਼ਨ ਦਿਮਾਗ ਸਿੱਖ ਵਿਦਵਾਨਾਂ ਦੀ ਜਾਣਕਾਰੀ ਲਈ ਪੇਸ਼ ਕਰ ਰਿਹਾ ਹਾਂ।

ਸਿੱਖ ਬੁਧੀਵਾਨਾਂ ਤੇ ਵਿਦਵਾਨਾਂ ਨੇ ਵੀ ਅਕਾਲੀ ਦਲਾਂ ਵਾਂਗ ਕਈ ਜਥੇਬੰਦੀਆਂ ਬਣਾਈਆਂ ਹੋਈਆਂ ਹਨ। ਕਈ ਇਕ ਤਾਂ ਮਨੁੱਖੀ ਅਧਿਕਾਰਾਂ ਦੀਆਂ ਕਮੇਟੀਆਂ ਬਣਾਈ ਫਿਰਦੇ ਹਨ। ਇਕ ਇੰਟਲੈਕਚੂਅਲ ਸਿੱਖ ਫੋਰਮ ਚੰਡੀਗੜ੍ਹ ਵਿਚ ਹੈ। ਇਕ ਸ. ਗੁਰਤੇਜ ਸਿੰਘ ਆਈ.ਏ.ਐਸ. ਨੇ ਥੋੜ੍ਹੇ ਦਿਨ ਪਹਿਲਾਂ ਸ. ਅਤਿੰਦਰਪਾਲ ਸਿੰਘ ਐਮ.ਪੀ. ਨਾਲ ਮਿਲ ਕੇ ਸਿੱਖ ਕੌਂਸਲ ਖੜੀ ਕੀਤੀ ਹੈ। ਮੈਨੂੰ ਚੰਡੀਗੜ੍ਹ ਦੇ ਬੁਧੀਵਾਨਾਂ ਦਾ ਬੜਾ ਮਾਯੂਸਕੁਨ ਤਜਰਬਾ ਹੋਇਆ ਹੈ, ਜਦ ਮੇਰੇ ਵਿਰੁਧ ਚਾਰ ਟਾਡਾ ਦੇ ਤੇ ਪੰਜ ਬਗ਼ਾਵਤ ਦੇ ਕੇਸ 1986 ਤੋਂ 1989 ਤੱਕ ਚਲਦੇ ਸਨ ਤਾਂ ਨਾਮ ਲਿਆਂ ਬਿਨਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਈ ਸਿੱਖ ਵਿਦਵਾਨ ਮਿਲਦੇ ਤਾਂ ਕਹਿੰਦੇ ਤੁਹਾਡੇ ਲੇਖਾਂ ਦੀ ਜਿੰਨੀ ਸਿਫਤ ਕੀਤੀ ਜਾਏ ਥੋੜ੍ਹੀ ਹੈ, ਨਾਲ ਹੀ ਕਹਿੰਦੇ ਅਸੀਂ ਪੜ੍ਹ ਕੇ ਦੂਜੇ ਸਿੱਖਾਂ ਨੂੰ ਦੇਂਦੇ ਹਾਂ ਕਿਉਂਕਿ ਇਹ ਪਾਸ ਰੱਖਣੇ ਵੀ ਤਾਂ ਖਤਰੇ ਦੀ ਗੱਲ ਹੈ। ਹੋਰ ਤਾਂ ਹੋਰ ਇਕ



Digitized by Panjab Digital Library | www.panjabdigilib.org

ਦੋ ਅਜੇਹੇ ਵੀ ਸਨ ਜੋ ਆਪਣੀ ਕੋਠੀ ਦੇ ਲਾਅਨ ਵਿਚ ਬਹਿ ਕੇ ਗੱਲ ਕਰਨੋਂ ਵੀ ਡਰਦੇ ਸੀ ਤੇ ਕਹਿੰਦੇ ਸੀ ਚਲੋ ਅੰਦਰ ਬੈਠ ਕੇ ਗੱਲ ਕਰਦੇ ਹਾਂ ਕਿਉਂਕਿ ਜੇ ਕਿਸੇ ਨੇ ਸੁਣ ਲਈ ਤਾਂ ਬਿਪਤਾ ਪੈ ਸਕਦੀ ਹੈ। ਮੇਰੇ ਸਾਹਮਣੇ ਉਹ ਵਿਦਵਾਨ ਵੀ ਹਨ ਜੋ ਮੇਰੀਆਂ ਲਿਖਤਾਂ ਟੌਹੜੇ ਨੂੰ ਪੜ੍ਹਾ ਕੇ ਮੇਰੇ ਵਿਰੁੱਧ ਪ੍ਰਚਾਰ ਕਰਕੇ ਟੌਹੜੇ ਦੀ ਖੁਸ਼ਨੂਦੀ ਹਾਸਲ ਕਰਦੇ ਹਨ। ਜਦ ਮੈਂ ਰੋਸ਼ਨ ਦਿਮਾਗ ਤੇ ਨਿਰਪੱਖ ਸਿੱਖ ਵਿਦਵਾਨਾਂ ਦੇ ਸਰਬੱਤ ਖਾਲਸਾ ਇਕੱਠ ਦੀ ਗੱਲ ਕਰਦਾ ਹਾਂ ਤਾਂ ਮੇਰੀ ਮੁਰਾਦ ਉੱਪਰ ਦਸੇ ਵਿਦਵਾਨਾਂ ਤੇ ਬੁੱਧੀਜੀਵਿਆਂ ਤੋਂ ਹਰਗਿਜ਼ ਨਹੀਂ ਹੁੰਦੀ।

ਮੈਂ ਆਪਣੇ ਪੈਮਫਲਿਟ ਚੰਡੀਗੜ੍ਹ ਵਿਚ ਕੁਝ ਰੀਟਾਇਰਡ ਕਰਨਲਾਂ ਤੇ ਜਨਰਲਾਂ ਨੂੰ ਵੀ ਭੇਜਦਾ ਹਾਂ। ਉਹਨਾਂ ਚੋਂ ਇਕ ਕਰਨਲ ਮੇਰੇ ਨਾਲ ਬਹੁਤ ਨੇੜ ਰੱਖਦਾ ਰਿਹਾ ਤੇ ਕਦੀਂ ਕਦਾਈਂ ਸੌ ਦੋ ਸੌ ਰੁਪਏ ਟਿਕਟਾਂ ਲਈ ਵੀ ਦੇ ਦੇਂਦਾ ਰਿਹਾ। ਜਦ ਤੱਕ ਤਾਂ ਮੈਂ ਸਿੱਖ ਸੰਘਰਸ਼ ਲਈ ਲਿਖਦਾ ਰਿਹਾ ਉਹ ਮੇਰੀਆਂ ਤਾਰੀਫਾਂ ਕਰਦਾ ਰਿਹਾ, ਜਦ ਮੈਂ ਨਿਰੋਲ ਸੂਕਾਰ ਦੇ ਖਿਲਾਫ ਲਿਖਣਾ ਬੰਦ ਕਰ ਦਿੱਤਾ ਤੇ ਕੁਝ ਕੌਮ ਦੇ ਹਿਤਾਂ ਦੇ ਸੁਝਾਅ ਦੇਣੇ ਸ਼ੁਰੂ ਕਰ ਦਿਤੇ ਤਾਂ ਉਹ ਕਰਨਲ ਕੁਝ ਮਾਯੂਸ ਜਿਹਾ ਹੋ ਗਿਆ। ਖ਼ਾਸ ਕਰਕੇ ਜਦ ਮੈਂ ਮਨਮੱਤਾਂ ਤੇ ਅੰਧਵਿਸ਼ਵਾਸੀ ਵਿਰੁੱਧ 225 ਸਫੇ ਦਾ ਲੇਖ ਪੰਜਾਂ ਕਿਸ਼ਤਾਂ ਵਿਚ ਪ੍ਰਕਾਸ਼ਤ ਕੀਤਾ ਤਾਂ ਉਹ ਇਕ ਦਿਨ ਮੈਨੂੰ ਮਿਲ ਪਿਆ ਤੇ ਕਹਿਣ ਲੱਗਾ ਕਿ ਤੁਸੀਂ ਜਿੰਨਾ ਸਮਾਂ ਸੂਕਾਰ ਦੇ ਵਿਰੁੱਧ ਲਿਖਦੇ ਸੀ ਮੈਂ ਪੜ੍ਹਦਾ ਰਿਹਾ ਹਾਂ ਪਰ ਜੋ ਲੇਖ ਤੁਸੀਂ ਹੁਣ ਲਿਖਣੇ ਸ਼ੁਰੂ ਕੀਤੇ ਹਨ। ਜੋ ਗੱਲਾਂ ਅਸੀਂ ਕਦੇ ਸੁਣੀਆਂ ਨਹੀਂ ਸਨ ਉਹ ਸਾਡੇ ਦਿਮਾਗਾਂ ਵਿਚ ਪਾਉਣਾ ਚਾਹੁੰਦੇ ਹੋ। ਹੁਣ ਮੈਨੂੰ ਬੇਸ਼ਕ ਆਪਣਾ ਲਟਿਰੇਚਰ ਨਾ ਭੇਜਿਆ ਕਰੋ। ਮੈਂ ਕਿਹਾ ਕਰਨਲ ਸਾਹਿਬ ਤੁਸੀਂ ਸੱਚੇ ਹੋ ਇਕੋ ਸਬਜ਼ੀ ਲਗਾਤਾਰ ਕਈ ਮਹੀਨੇ ਖਾਂਦੇ ਰਹੀਏ ਤਾਂ ਉਹ ਖਾਣ ਨੂੰ ਦਿਲ ਨਹੀਂ ਕਰਦਾ, ਫਿਰ ਹੋਰ ਖਾਣ ਦਾ ਯਤਨ ਕਰੀਦਾ ਹੈ। ਤੁਸੀਂ ਫੌਜੀ ਕਰਨੈਲ ਜਰਨੈਲ ਪੰਝੀ ਪੰਝੀ ਤੀਹ ਤੀਹ ਸਾਲ ਸੂਕਾਰ ਦੀ ਜੀ ਹਜ਼ੂਰੀ ਤੇ ਗੁਲਾਮੀ ਕਰਕੇ ਅੱਕੇ ਹੋਏ ਹੁੰਦੇ ਹੋ, ਰੀਟਾਇਰ ਹੋਣ ਪਿਛੋਂ ਤੁਸੀਂ ਸੂਕਾਰ ਵਿਰੁਧ ਆਪ ਤਾਂ ਕੁਝ ਨਹੀਂ ਕਰ ਸਕਦੇ ਕਿਉਂਕਿ ਪੈਨਸ਼ਨ ਦਾ ਡਰ ਹੁੰਦਾ ਹੈ ਪਰ ਤੁਸੀਂ ਸੂਕਾਰ ਵਿਰੁੱਧ ਜੇ ਕੋਈ ਲਿਖਤ ਮਿਲ ਜਾਏ ਤਾਂ ਉਸਦਾ ਚੱਸਕਾ ਓਸੇ ਤਰ੍ਹਾਂ ਲਾਉਂਦੇ ਹੋ ਜਿਵੇਂ ਸਾਧਾਰਨ ਲੋਕ ਫੋਹਸ਼ ਲਿਟਰੇਚਰ ਤੇ ਫੋਹਸ ਗੀਤਾਂ ਦਾ ਸਵਾਦ ਲੈਂਦੇ ਹਨ। ਤੁਹਾਨੂੰ ਲਿਟਰੇਚਰ ਤੇ ਲਿਖਤ ਦੀ ਕਦਰ ਨਹੀਂ ਹੁੰਦੀ। ਤੁਸੀਂ ਆਪਣੀ ਪਸੰਦ ਦੀਆਂ ਲਿਖਤਾਂ ਲੱਭਦੇ ਹੋ। ਇਹ ਸਦਾ ਨਹੀਂ ਮਿਲ ਸਕਦੀਆਂ। ਸਿੱਖੀ ਦੇ ਹਿਤਾਂ ਦਾ ਲਿਟਰੇਚਰ ਜ਼ਰੂਰ ਪੜ੍ਹਿਆ ਕਰੋ ਭਾਵੇਂ ਉਹ ਤੁਹਾਨੂੰ ਪਸੰਦ ਆਵੇਂ ਭਾਵੇਂ ਨਾ ਆਵੇ। ਅਜੇਹੇ ਕਰਨਲ ਜਨਰਲ ਵੀ ਆਪਣੇ ਆਪ ਨੂੰ ਸਿੱਖ ਵਿਦਵਾਨਾਂ ਤੇ ਬੁੱਧੀਵਾਨਾਂ ਵਿਚ ਸ਼ੁਮਾਰ ਕਰਦੇ ਹਨ।



Digitized by Panjab Digital Library / www.panjabdigilib.org

ਅਖੀਰ ਵਿਚ ਮੈਂ ਹਜ਼ਾਰਾਂ ਸ਼ਹੀਦਾਂ (ਜਿਨ੍ਹਾਂ ਨੂੰ 1980 ਤੋਂ 1993) ਤੱਕ ਟੌਹੜੇ ਦੀਆਂ ਕੁਟਲ ਨੀਤੀਆਂ ਕਾਰਨ ਜਾਨਾਂ ਤੋਂ ਹੱਥ ਧੋਣੇ ਪਏ) ਦੇ ਵਾਰਸਾਂ ਨੂੰ ਬੇਨਤੀ ਕਰਦਾ ਹਾਂ ਕਿ ਆਓ ਆਪਣੇ ਭਰਾਵਾਂ, ਪੁੱਤਰਾਂ, ਪੋਤਰਿਆਂ ਦੇ ਕਾਤਲ ਨੂੰ ਸਰਬੱਤ ਖਾਲਸਾ ਇਕੱਠ ਵਿਚ ਪੇਸ਼ ਕਰਨ ਤੇ ਉਸ ਦੀ ਸਿੱਖ ਦੁਸ਼ਮਣੀ ਦੀਆਂ ਕਾਲੀਆਂ ਕਰਤੂਤਾਂ ਦੀ ਜਾਂਚ ਕਰਵਾਉਣ ਵਿਚ ਮੇਰਾ ਸਾਥ ਦਿਓ ਕਿਉਂਕਿ ਜੇ ਅਸੀਂ ਅਜੇਹਾ ਨਾ ਕਰ ਸਕੇ ਤਾਂ ਟੌਹੜਾ ਫਿਰ ਕਿਸੇ ਨਵੀਂ ਕੁਟਲ ਨੀਤੀ ਰਾਹੀਂ ਹੋਰ ਹਜ਼ਾਰਾਂ ਸਿੱਖਾਂ ਦੀਆਂ ਜਾਨਾਂ ਗਵਾਉਣ ਵਿਚ ਸਫਲ ਹੋ ਜਾਏਗਾ। ਬੂਟਾ ਸਿੰਘ ਵਾਲਾ ਨਾਟਕ ਕਿਸੇ ਨਵੀਂ ਸਾਜ਼ਸ਼ ਦੀ ਹੀ ਕੜੀ ਹੈ। ਇਸ ਲਈ ਆਉਣ ਵਾਲੇ ਨਵੇਂ ਖਤਰੇ ਤੋਂ ਬਚਣ ਲਈ ਹਰ ਸੱਚੇ ਪੰਥ ਹਿਤੈਸ਼ੀ ਨੂੰ ਟੌਹੜੇ ਦੀ ਜਾਂਚ ਕਰਵਾਉਣ ਦੇ ਮਸਲੇ ਵਿਚ ਮੇਰਾ ਸਾਥ ਦੇਣਾ ਚਾਹੀਦਾ ਹੈ। ਇਹ ਹੀ ਅੱਜ ਸਭ ਤੋਂ ਵੱਡੀ ਪੰਥ ਸੇਵਾ ਹੈ।

## ਮੈਨੂੰ ਅਕਾਲ ਪੁਰਖ ਨੇ 52 ਸਾਧੂ ਆਯੂ ਬਖਸ਼ੀ ਹੈ ਮੈਂ ਟੌਹੜੇ ਦੇ ਰਹਿਮ ਦਾ ਮੁਥਾਜ ਨਹੀਂ

ਅਕਾਲ ਪੁਰਖ ਨੇ ਸਮੇਂ ਸਮੇਂ ਮੇਰੇ ਉੱਤੇ ਜੋ ਬਖਸ਼ਿਸ਼ਾਂ ਕੀਤੀਆਂ, ਉਹਨਾਂ ਨੇ ਹੀ ਮੈਨੂੰ ਨਿੱਡਰਤਾ ਤੇ ਬੇਖੌਫੀ ਪ੍ਰਦਾਨ ਕੀਤੀ। ਮੈਂ ਪਾਠਕਾਂ ਦੀ ਜਾਣਕਾਰੀ ਲਈ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਮੈਂ 1939 ਵਿਚ ਬੀ.ਏ. ਪਾਸ ਕੀਤਾ। ਅਗਸਤ 1939 ਵਿਚ ਹੀ ਮੈਨੂੰ ਅਧਰੰਗ ਹੋ ਗਿਆ ਤੇ ਮੇਰਾ ਹੇਠਲਾ ਧੜ ਮਾਰਿਆ ਗਿਆ। ਲੱਤਾਂ ਸੁੱਕ ਕੇ ਉਂਗਲਾਂ ਵਾਂਗ ਹੋ ਗਈਆਂ ਤੇ ਮੈਂ ਦੋ ਸਾਲ ਮੰਜੀ ਤੇ ਪਿਆ ਰਿਹਾ। ਡਾਕਟਰਾਂ ਨੇ ਜਵਾਬ ਦੇ ਦਿੱਤਾ, ਅਕਾਲ ਪੁਰਖ ਨੇ ਬਖਸ਼ਿਸ਼ ਕੀਤੀ ਤੇ ਇਕ ਦੇਸੀ ਹਕੀਮ ਦੇ ਇਲਾਜ ਨੇ ਦੋ ਸਾਲਾਂ ਪਿੱਛੋਂ ਫਿਰ ਮੈਨੂੰ ਟੁਰਨ ਫਿਰਨ ਦੇ ਯੋਗ ਬਣਾ ਦਿੱਤਾ। 1942 ਤੋਂ ਇਹ ਮੇਰਾ ਨਵਾਂ ਜੀਵਨ ਅਕਾਲ ਪੁਰਖ ਦੀ ਅਪਾਰ ਬਖਸ਼ਿਸ਼ ਨਾਲ ਹੋਇਆਂ 1947 ਦੀ ਵੰਡ ਸਮੇਂ ਪਿੰਡ ਭੁਲੇਰ ਵਿਚ 325 ਹਿੰਦੂ ਸਿੱਖ ਸ਼ਹੀਦ ਹੋਏ 1100 ਮੁਸਲਮਾਨ ਮਾਰੇ ਗਏ ਇਹ ਦੇਸ਼ ਦੀ ਵੰਡ ਸਮੇਂ ਦੀ ਸਭ ਤੋਂ ਉੱਘੀ ਘਟਨਾ ਸੀ ਜਿੱਥੇ 22 ਘੰਟੇ ਡਟ ਕੇ ਲੜਾਈ ਹੋਈ, ਉਸ ਲੜਾਈ ਦਾ ਇੰਨਚਾਰਜ ਵੀ ਮੈਂ ਸੀ। ਅਕਾਲ ਪੁਰਖ ਨੇ ਉੱਥੋਂ ਕਿਵੇਂ ਬਚਾਇਆ ਉਹ ਲੰਮੀ ਵਿਥਿਆ ਹੈ। ਪਰ ਉਸ ਦੀਆਂ ਰਹਿਮਤਾਂ ਅਪਰ ਅਪਾਰ ਹਨ। ਉਥੋਂ ਵੀ ਅਕਾਲ ਪੁਰਖ ਨੇ ਬਚਾ ਦਿੱਤਾ। ਉਸ ਪਿੱਛੋਂ ਮੈਂ ਅਪਣਾ ਜੀਵਨ ਮਨੁਖਤਾ ਦੇ ਭਲੇ ਲਈ ਅਰਪਨ ਕਰ ਦਿੱਤਾ। 1947 ਤੋਂ 1957 ਤੱਕ ਅਕਾਲੀ ਹਾਈ ਕਮਾਂਡ ਦਾ ਮੈਂਬਰ ਰਿਹਾ। 1955 ਵਾਲਾ ਪਹਿਲਾ ਪੰਜਾਬੀ ਸੂਬਾ ਮੋਰਚਾ ਸਾਰਾ ਮੈਂ ਚਲਾਇਆ। ਜਦ ਮਾਸਟਰ ਤਾਰਾ ਸਿੰਘ ਨੇ ਕਾਂਗਰਸ ਨਾਲ 1957 ਜਨਵਰੀ ਨੂੰ ਸਮਝੌਤਾ ਕਰ ਲਿਆ ਤੇ ਅਕਾਲੀ ਕਾਂਗਰਸ ਵਿਚ ਚਲੇ ਗਏ ਤਾਂ ਮੈਂ ਵੀ ਕਾਂਗਰਸ ਵਿਚ ਚਲਾ ਗਿਆ। 1957 ਅਕਤੂਬਰ ਤੋਂ ਅਕਤੂਬਰ 1967 ਤੱਕ ਮੈਂ ਦਸ ਸਾਲ, ਪੰਜਾਬ ਪ੍ਰਦੇਸ਼ ਕਾਂਗਰਸ



Digitized by Panjab Digital Library | www.panjabdigilib.org

ਦਾ ਬਾਕਾਇਦਾ ਈਲੈਕਟਡ ਮੈਂਬਰ ਰਿਹਾ। ਪਰ ਜਦ ਪੰਜਾਬੀ ਸੂਬੇ ਦੇ ਇਸ਼ੂ ਤੇ ਕਾਂਗਰਸੀਆਂ ਨੇ ਪੰਜਾਬੀ ਸੂਬੇ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤਾਂ ਮੈਂ ਕਾਂਗਰਸ ਦਾ ਵੀ ਤਿਆਗ ਕਰ ਦਿੱਤਾ ਤੇ ਕੁਝ ਸਾਲ ਮੈਂ ਸਿੱਖ ਹੋਮਲੈਂਡ ਦਾ ਪ੍ਰਚਾਰ ਕਰਦਾ ਰਿਹਾ। 1966 ਤੋਂ ਹੀ ਮੈਂ ਪੱਤਰਕਾਰੀ ਆਰੰਭ ਕੀਤੀ। ਦਿਹਾਤੀ ਜਨਤਾ ਹਫਤਾਵਾਰੀ ਅਖਬਾਰ ਕੱਢਣਾ ਸ਼ੁਰੂ ਕੀਤਾ ਜੋ 1988 ਤੱਕ ਚਲਦਾ ਰਿਹਾ। ਸਿੱਖੀ ਵਿਚ ਮਨਮੱਤਾਂ ਤੇ ਅੰਧਵਿਸ਼ਵਾਸੀ ਦੇ ਵਿਰੁੱਧ ਮੈਂ 1966 ਤੋਂ ਪ੍ਰਚਾਰ ਕਰਦਾ ਆ ਰਿਹਾ ਹਾਂ। ਅਮਰ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ ਸਮੇਂ ਵੀ ਮੈਂ ਹੀ ਸਾਰਾ ਲਿਖਤੀ ਪ੍ਰਚਾਰ ਕੀਤਾ। ਸ੍ਰਕਾਰ ਦੀਆਂ ਕੁਰੱਪਸ਼ਨਾਂ ਵਿਰੁੱਧ ਵੀ ਸਦਾ ਲਿਖਦਾ ਰਿਹਾ ਹਾਂ। ਦਰਬਾਰਾ ਸਿੰਘ ਸ੍ਰਕਾਰ ਦੇ ਇਕ ਕੁਰੱਪਟ ਵਜ਼ੀਰ ਦੀਆਂ ਕੁਰੱਪਸ਼ਨਾਂ ਤੇ ਧਾਂਦਲੀਆਂ ਦੇ ਖਿਲਾਫ ਮੈਂ ਇਕ ਪੈਮਫਲਿਟ ਪ੍ਰਕਾਸ਼ਤ ਕੀਤਾ। ਜਿਸ ਦਾ ਔਖ ਮਨਾ ਕੇ ਉਸ ਨੇ ਮੇਰੇ ਤੇ ਕਾਤਲਾਨਾ ਹਮਲਾ ਸਤੰਬਰ 1981 ਵਿਚ ਕਰਵਾਇਆ। ਉਸ ਵਿਚ ਵੀ ਅਕਾਲ ਪੁਰਖ ਨੇ ਹੀ ਮੈਨੂੰ ਬਚਾਇਆ ਫਿਰ ਧਰਮ ਯੁੱਧ ਸਮੇਂ ਟੌਹੜੇ ਤੇ ਲੌਂਗੋਵਾਲ ਦੀ ਜਦ ਸੰਤ ਭਿੰਡਰਾਂਵਾਲੇ ਨਾਲ ਮਨੋਂ ਵਿਗੜ ਗਈ। ਮੈਂ ਉਹਨਾਂ ਦਿਨਾਂ ਵਿਚ ਧਰਮ ਯੁੱਧ ਮੋਰਚੇ ਬਾਰੇ ਲਿਖਤਾਂ ਲਿਖਿਆ ਕਰਦਾ ਸੀ। ਟੌਹੜਾ ਤੇ ਲੌਂਗੋਵਾਲ ਇਸ ਗੱਲ ਤੋਂ ਔਖੇ ਹੋ ਗਏ ਕਿ ਮੇਰੀਆਂ ਲਿਖਤਾਂ ਸੰਤ ਭਿੰਡਰਾਂਵਾਲੇ ਨੂੰ ਉਭਾਰਦੀਆਂ ਹਨ ਤੇ ਉਹਨਾਂ ਨੂੰ ਨੀਵਾਂ ਕਰਦੀਆਂ ਹਨ। ਜੁਲਾਈ 1983 ਨੂੰ ਸੰਤ ਲੌਂਗੋਵਾਲ ਨੇ ਮੇਰੇ ਖਿਲਾਫ ਮੰਜੀ ਸਾਹਿਬ ਸਟੇਜ ਤੋਂ ਦੋ ਵਾਰ ਤਕਰੀਰ ਕੀਤੀ, ਫਿਰ ਟੌਹੜੇ ਤੇ ਲੌਂਗੋਵਾਲ ਨੇ ਗਿਣ ਮਿਥ ਕੇ ਆਪਣੇ ਕਿਰਾਏ ਦੇ ਆਦਮੀਆਂ ਪਾਸੋਂ ਬਸ ਅੱਡਾ ਅੰਮ੍ਰਿਤਸਰ ਦੇ ਬਾਹਰ ਕਾਤਲਾਨਾ ਹਮਲਾ ਕਰਵਾਇਆ ਪਰ ਉਸ ਵਿਚ ਵੀ ਅਕਾਲ ਪੁਰਖ ਨੇ ਮੇਰੀ ਜਾਨ ਬਖਸ਼ੀ ਕਰਵਾਈ। ਸਿੱਖ ਸੰਘਰਸ਼ ਸਮੇਂ ਵੀ ਸ੍ਰਕਾਰ ਨੇ ਮੇਰੇ ਵਿਰੁਧ 4 ਟਾਡਾ ਦੇ ਤੇ 4 ਬਗਾਵਤ ਦੇ ਕੇਸ ਬਣਾਏ, ਉਹਨਾਂ ਚੋਂ ਵੀ ਅਕਾਲ ਪੁਰਖ ਨੇ ਮੈਨੂੰ ਸੁਰਖਰੂ ਕਰ ਕੇ ਕਢਿਆ।

ਮੇਰਾ ਇਹ ਪਿਛਲਾ ਪਿਛੋਕੜ ਦੱਸਣ ਦਾ ਕੇਵਲ ਇਹ ਮਨੋਰਥ ਹੈ ਕਿ ਅਕਾਲ ਪੁਰਖ ਨੇ ਜੋ ਮੈਨੂੰ ਦੋਬਾਰਾ ਨਵਾਂ ਜੀਵਨ 1942 ਵਿਚ ਬਖਸ਼ਿਆ ਸੀ, ਉਸ ਅਨੁਸਾਰ ਮੈਂ 52 ਸਾਲ ਬਿਤਾ ਲਏ ਹਨ। ਕੀ ਇਹ ਕੋਈ ਛੋਟੀ ਬਖਸ਼ਿਸ਼ ਹੈ ਤੇ ਅਕਾਲ ਪੁਰਖ ਜਿਸ ਨੇ ਨਵਾਂ ਜੀਵਨ ਬਖਸ਼ਿਆ ਸੀ ਉਹ ਹੀ ਹਰ ਸਮੇਂ ਸਹਾਇਤਾ ਕਰਦ ਰਿਹਾ ਹੈ।

ਹੁਣ ਪਾਠਕ ਆਪ ਹੀ ਦੱਸਣ ਕਿ ਉਸ ਅਕਾਲ ਪੁਰਖ ਦੇ ਹੁੰਦਿਆਂ ਮੈਂ ਟੌਹੜੇ ਜਾਂ ਉਸ ਦੀ ਪੋਲਟ ਬਿਉਰੋ ਨੂੰ ਉਸ ਤੋਂ ਸੁਪਰੀਮ ਕਿਵੇਂ ਮੰਨ ਸਕਦਾ ਹਾਂ ? ਮੈਂ ਪਿਛਲੇ 52 ਸਾਲ ਅਕਾਲ ਪੁਰਖ ਦੀ ਮਿਹਰ ਸਦਕਾ ਹੀ ਸੰਸਾਰ ਵਿਚ ਵਿਚਰਿਆ ਹਾਂ। ਮੈਂ ਪਿਛਲੇ 52 ਸਾਲ ਤੋਂ ਜੋ ਕੁਝ ਹਾਂ ਅਕਾਲ ਪੁਰਖ ਦੀ ਬਖਸ਼ਿਸ਼ ਦੁਆਰਾ ਹੀ ਹਾਂ। ਇਸ



Digitized by Panjab Digital Library | www.panjabdigilib.org

ਲਈ ਮੈਂ ਕਿਸੇ ਸਰਕਾਰ ਜਾਂ ਲੀਡਰ ਦਾ ਭੈਅ ਨਹੀਂ ਮੰਨਦਾ, ਹਮੇਸ਼ਾ ਸੱਚ ਦਾ ਪ੍ਰਗਟਾਵਾ ਕਰਦਾ ਹਾਂ। ਕਿਸੇ ਨੂੰ ਪਸੰਦ ਆਵੇ ਨਾ ਆਵੇ ਇਸਦੀ ਮੈਂ ਕਦੇ ਚਿੰਤਾ ਨਹੀਂ ਕੀਤੀ। ਮੇਰੀ ਟੇਕ ਆਸਰਾ ਸਭ ਅਕਾਲ ਪੁਰਖ ਹੈ ਜੋ ਸਾਰੀ ਸਰਿਸ਼ਟੀ ਦਾ ਰਚਣਹਾਰ ਹੈ ਤੇ ਜਿਸ ਨੇ 1942 ਤੋਂ ਮੈਨੂੰ ਨਵਾਂ ਜੀਵਨ ਬਖ਼ਸ਼ਿਆ ਹੋਇਆ ਹੈ।

## ਇਕ ਹੋਰ ਵਿਚਾਰਨਯੋਗ ਨੁਕਤਾ

ਸਾਰੇ ਸੰਸਾਰ ਵਿਚ ਅਰਬਾਂ ਲੋਕ ਵੱਸਦੇ ਹਨ। ਇਕੱਲੇ ਭਾਰਤ ਅੰਦਰ 90 ਕਰੋੜ ਦੀ ਵਸੋਂ ਹੈ। ਜਦ ਕਿ ਸਿੱਖਾਂ ਦੀ ਕੁੱਲ ਵਸੋਂ 2 ਕਰੋੜ ਦੇ ਨੇੜੇ ਹੈ। ਮੈਨੂੰ ਇਕ ਸਿੱਖ ਨੇ ਪੁਛਿਆ ਕਿ ਜੇ ਜਥੇਦਾਰ ਤੇ ਹੈਡਗਰੰਥੀ ਤੁਹਾਨੂੰ ਸਿੱਖੀ ਚੋਂ ਖਾਰਜ ਕਰ ਦੇਣਗੇ ਛੇਕ ਦੇਣਗੇ ਤਾਂ ਫਿਰ ਕੀ ਕਰੋਗੇ ? ਮੈਂ ਉਸ ਨੂੰ ਕਿਹਾ, ਭਲੇ ਪੁਰਸ਼, ਮੈਂ ਜਥੇਦਾਰਾਂ ਤੇ ਹੈਡਗਰੰਥੀਆਂ ਦੀ ਸਿੱਖੀ ਵਿਚ ਪਰਵੇਸ਼ ਨਹੀਂ ਕੀਤਾ ਹੋਇਆ ਕਿ ਜੇ ਉਹਨਾਂ ਦਾ ਦਿਲ ਚਾਹੇ ਤਾਂ ਉਹ ਮੈਨੂੰ ਸਿੱਖੀ ਵਿਚ ਰੱਖਣ, ਜੇ ਨਾ ਚਾਹੇ ਤਾਂ ਉਹ ਮੈਨੂੰ ਸਿੱਖੀ ਚੋਂ ਖਾਰਜ ਕਰ ਦੇਣ। ਮੇਰੇ ਲਈ ਤਾਂ ਸਿੱਖੀ ਇਕ ਅਕੀਦਾ ਹੈ ਵਿਸ਼ਵਾਸ ਹੈ। ਜੋ ਮੈਨੂੰ ਸਰਿਸ਼ਟੀ ਦੇ ਸਾਜਨਹਾਰ ਅਕਾਲ ਪੁਰਖ ਸਰਵ ਸ਼ਕਤੀਮਾਨ ਦੇ ਨਾਲ ਜੋੜਦਾ ਹੈ। ਮੈਂ ਉਸ ਅਕੀਦੇ ਤੇ ਵਿਸ਼ਵਾਸ ਦਾ ਸਿੱਖ ਹਾਂ। ਜੇ ਮੈਂ ਇਸ ਅਕੀਦੇ ਤੇ ਵਿਸ਼ਵਾਸ ਦਾ ਤਿਆਗ ਕਰਦਾ ਹਾਂ ਤਾਂ ਮੈਂ ਖੁਦ ਬਖੁਦ ਹੀ ਸਿੱਖੀ ਚੋਂ ਖਾਰਜ ਹੋ ਜਾਂਦਾ ਹਾਂ। ਪਰ ਜੇ ਮੇਰਾ ਅਕੀਦਾ ਤੇ ਵਿਸ਼ਵਾਸ ਦਰਿੜ ਹੈ ਪੱਕਾ ਹੈ ਤਾਂ ਮੈਨੂੰ ਕਿਸੇ ਜਥੇਦਾਰ ਤੇ ਹੈਡਗਰੰਥੀ ਪਾਸੋਂ ਸਰਟੀਫੀਕੇਟ ਹਾਸਲ ਕਰਨ ਦੀ ਉੱਕਾ ਹੀ ਕੋਈ ਲੋੜ ਨਹੀਂ।

ਮੈਂ ਉਸ ਸਿੱਖ ਨੂੰ ਕਿਹਾ ਕਿ ਜੇ ਜਥੇਦਾਰ ਤੇ ਹੈਡਗਰੰਥੀ ਟੌਹੜੇ ਦੇ ਕਹਿਣ ਤੇ ਮੈਨੂੰ ਸਿੱਖੀ ਚੋਂ ਆਪਣੇ ਤੌਰ ਤੇ ਖਾਰਜ ਕਰ ਵੀ ਦੇਣ ਤਾਂ ਉਹ ਅਜੇਹਾ ਕਰ ਸਕਦੇ ਹਨ ਕਿਉਂਕਿ ਉਹ ਸ਼ਰੋਮਣੀ ਕਮੇਟੀ ਦੇ ਮੁਲਾਜ਼ਮ ਹਨ। ਟੌਹੜਾ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਹੋਣ ਦੇ ਨਾਤੇ ਉਹਨਾਂ ਦਾ ਹਾਕਮ ਹੈ, ਉਹ ਉਸ ਦੇ ਮਾਤੈਹਤ ਹਨ। ਨੌਕਰ ਨੇ ਉਹ ਹੀ ਕਰਨਾ ਹੁੰਦਾ ਹੈ ਜੋ ਉਸ ਦਾ ਮਾਲਕ ਕਹੇ ਪਰ ਮੇਰੀ ਸਿੱਖੀ ਨਾ ਸ਼ਰੋਮਣੀ ਕਮੇਟੀ ਅਤੇ ਨਾ ਹੀ ਸ਼ਰੋਮਣੀ ਕਮੇਟੀ ਦੇ ਮੁਲਾਜ਼ਮਾਂ ਦੀ ਮੁਥਾਜ ਹੈ। ਇਸ ਲਈ ਉਹਨਾਂ ਦੇ ਖਾਰਜ ਕਰਨ ਦਾ ਮੇਰੇ ਉਤੇ ਕੋਈ ਅਸਰ ਨਹੀਂ ਹੋ ਸਕਦਾ ਕਿਉਂਕਿ ਉਹਨਾਂ ਦਾ ਅਜੇਹਾ ਫੈਸਲਾ ਘੋਰ ਮਨਮੱਤ ਹੋਵੇਗਾ। ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ਿਆਂ ਦਾ ਵਿਰੋਧ ਹੋਵੇਗਾ। ਵੈਸੇ ਵੀ ਜਦ ਮੈਂ ਮਨਮੱਤਾਂ ਤੇ ਅੰਧਵਿਸ਼ਵਾਸੀ ਦਾ ਕੱਟੜ ਵਿਰੋਧੀ ਹਾਂ ਤਾਂ ਮੇਰੇ ਉਤੇ ਕਿਸੇ ਮਨਮੱਤ ਦਾ ਅਸਰ ਕਿਵੇਂ ਹੋ ਸਕਦਾ ਹੈ ? ਮੈਂ ਆਪਣੀ ਹੋਸ਼ ਤੋਂ ਗੁਰੂ ਨਾਨਕ ਦਾ ਸਿੱਖ ਹਾਂ, ਮੈਂ ਕਦੇ ਆਪਣੇ ਆਪ ਨੂੰ ਟੌਹੜੇ ਤੇ ਉਸ ਦੇ ਮਾਤੈਹਤ ਜਥੇਦਾਰਾਂ ਦਾ ਸਿੱਖ ਨਹੀਂ ਸਮਝਿਆ। ਜੇ ਉਹ ਮੈਨੂੰ ਖਾਰਜ ਕਰ ਦੇਣਗੇ ਤਾਂ ਵੀ ਮੈਂ ਗੁਰੂ ਨਾਨਕ ਦਾ ਸਿੱਖ ਹੀ ਰਹਾਂਗਾ। ਜਦ ਮੈਂ



Digitized by Panjab Digital Library | www.panjabdigilib.org

ਜਥੇਦਾਰਾਂ ਤੇ ਗਰੰਥੀਆਂ ਦਾ ਸਿੱਖ ਹਾਂ ਹੀ ਨਹੀਂ। ਤਾਂ ਉਹਨਾਂ ਦਾ ਮੈਨੂੰ ਖਾਰਜ ਕਰਨਾ ਕੀ ਅਰਥ ਰੱਖਦਾ ਹੈ ?

ਵੈਸੇ ਵੀ ਜੇ ਸੰਸਾਰ ਦੀ ਅਰਬਾਂ ਦੀ ਵਸੋਂ ਜੋ ਸਿੱਖ ਨਹੀਂ ਹਨ ਗੁਜ਼ਾਰਾ ਕਰ ਰਹੀ ਹੈ ਤਾਂ ਕੀ ਮੇਰਾ ਗੁਜ਼ਾਰਾ ਨਹੀਂ ਹੋਵੇਗਾ ? ਸੱਚ ਤੇ ਅਸਲੀਅਤ ਤਾਂ ਇਹ ਹੈ ਕਿ ਜੇ ਮੈਨੂੰ ਜਥੇਦਾਰਾਂ ਤੇ ਗਰੰਥੀਆਂ ਦਾ ਸਿੱਖ ਬਣ ਕੇ ਸਿੱਖੀ ਵਿਚ ਰਹਿਣਾ ਪਵੇ ਤਾਂ ਉਸ ਸਿੱਖੀ ਵਿਚ ਮੈਂ ਖੁਦ ਹੀ ਰਹਿਣ ਨੂੰ ਤਿਆਰ ਨਹੀਂ ਹਾਂ। ਉਹਨਾਂ ਨੇ ਮੈਨੂੰ ਖਾਰਜ ਕੀ ਕਰਨਾ ਹੈ ? ਮੇਰਾ ਅਟੱਲ ਵਿਸ਼ਵਾਸ ਅਕਾਲ ਪੁਰਖ ਵਿਚ ਹੈ ਤੇ ਮੈਂ ਗੁਰੂ ਨਾਨਕ ਦਾ ਨਿਮਾਣਾ ਸਿੱਖ ਹਾਂ, ਗੁਰੂ ਨਾਨਕ ਦਾ ਸਿੱਖ ਹੀ ਬਣਿਆ ਰਹਿਣਾ ਚਾਹੁੰਦਾ ਹਾਂ। ਕਿਸੇ ਭੇਖੀ ਗੋਲਕ ਚੋਰ ਟੋਲੇ ਦਾ ਸਿੱਖ ਨਹੀਂ ਬਣਨਾ ਚਾਹੁੰਦਾ। ਜੇ ਉਹ ਮੈਨੂੰ ਛੇਕਣ ਦੀ ਜ਼ਿੱਦ ਕਰਨਗੇ ਹੀ ਤਾਂ ਕੀ ਉਸ ਹਾਲਤ ਵਿਚ ਮੈਂ ਕਿਸੇ ਦੂਜੇ ਧਰਮ ਵਿਚ ਪ੍ਰਵੇਸ਼ ਕਰਨ ਲਈ ਆਜ਼ਾਦ ਨਹੀਂ ਹੋ ਜਾਵਾਂਗਾ ? ਉਸ ਹਾਲਤ ਵਿਚ ਇਸਲਾਮ ਅਤੇ ਈਸਾਈਅੱਤ ਵਿਚੋਂ ਵੀ ਮੈਂ ਕਿਸੇ ਇਕ ਦੀ ਚੋਣ ਕਰ ਸਕਦਾ ਹਾਂ। ਉਸ ਹਿੰਦੂ ਧਰਮ ਜਿਸ ਚੋਂ ਛੇਕਣ ਕਾਰਨ ਹੀ ਸਾਡੇ ਵੱਡੇ ਵਡੇਰਿਆਂ ਨੇ ਹਿੰਦੂ ਧਰਮ ਦਾ ਤਿਆਗ ਕਰਕੇ ਸਿੱਖੀ ਅਪਣਾਈ ਸੀ, ਜੇ ਅੱਜ ਉਸੇ ਸਿੱਖ ਧਰਮ ਦੇ ਪੁਜਾਰੀ (ਜਥੇਦਾਰ ਤੇ ਹੈਡਗਰੰਥੀ) ਵੀ ਉਹੋ ਛੇਕਾ ਛਾਕੀ ਅਪਣਾ ਲੈਂਦੇ ਹਨ ਤਾਂ ਮੈਂ ਫਿਰ ਆਪਣੇ ਆਬਾਈ ਹਿੰਦੂ ਧਰਮ ਵਿਚ ਵੀ ਬੈਕ ਮਾਰ ਸਕਦਾ ਹਾਂ ਤੇ ਅਜੇਹਾ ਕਰਨ ਲਈ ਮੇਰੇ ਰਾਹ ਵਿਚ ਕੋਈ ਦੀਵਾਰ ਖੜੀ ਨਹੀਂ ਹੋ ਸਕਦੀ। ਪਰ ਮੈਨੂੰ ਦੂਜੇ ਕਿਸੇ ਵੀ ਧਰਮ ਵਿਚ ਪ੍ਰਵੇਸ਼ ਕਰਵਾਉਣ ਦੇ ਦੋਸ਼ੀ ਤੇ ਜ਼ੁੰਮੇਵਾਰ ਇਹ ਗੁਰੂ ਨਾਨਕ ਦੀ ਸਿੱਖੀ ਦੇ ਫਲਸਫੇ ਦੇ ਉਲਟ ਚੱਲਣ ਵਾਲੇ ਜਥੇਦਾਰ ਤੇ ਹੈਡਗਰੰਥੀ ਹੀ ਹੋਣਗੇ ਤੇ ਮੈਨੂੰ ਮਜ਼ਬੂਰ ਕਰਕੇ ਕਰਵਾਉਣਗੇ। ਇਹ ਮੇਰਾ ਨਿੱਜੀ ਫੈਸਲਾ ਨਹੀਂ ਹੋਵੇਗਾ।

## ਹੋ ਸਕਦਾ ਹੈ ਇਹ ਮੇਰੀ ਆਖਰੀ ਲਿਖਤ ਹੋਵੇ

ਮੈਨੂੰ ਆਸ ਹੈ ਕਿ ਟੌਹੜਾ ਇਹ ਪੈਮਫਲਿਟ ਪੜ੍ਹਣ ਪਿੱਛੋਂ ਸੰਤ ਲੌਂਗੋਵਾਲ, ਸੰਤ ਭਿੰਡਰਾਂਵਾਲੇ, ਜਥੇਦਾਰ ਲੰਗ ਤੇ ਜੁਝਾਰੂਆਂ ਵਾਂਗ ਹੁਣ ਮੈਨੂੰ ਵੀ ਤੁਰਤ ਖਤਮ ਕਰਵਾਉਣ ਦੇ ਯਤਨ ਕਰੇਗਾ। ਕਿਉਂਕਿ ਜੋ ਦੋਸ਼ ਮੈਂ ਟੌਹੜੇ ਵਿਰੁੱਧ ਲਾਏ ਹਨ ਉਹਨਾਂ ਦੀ ਸਫਾਈ ਟੌਹੜਾ ਤੇ ਉਸ ਦੀ ਪੋਲਟ ਬਿਓਰੋ ਦੇ ਨਹੀਂ ਸਕਦੇ, ਮੈਨੂੰ ਖਰੀਦ ਕੇ ਉਹ ਮੇਰੀ ਜ਼ਬਾਨ ਬੰਦ ਨਹੀਂ ਕਰਵਾ ਸਕਦਾ। ਮੇਰੀ ਕਲਮ ਨੂੰ ਰੋਕ ਨਹੀ ਸਕਦਾ, ਇਸ ਲਈ ਮੈਨੂੰ ਖਤਮ ਕਰਵਾਉਣ ਵਿਚ ਹੀ ਅਪਣੀ ਭਲਾਈ ਸਮਝੇਗਾ। ਉਸ ਪਾਸ ਚੜ੍ਹਤ ਚੜ੍ਹਾਵੇ ਦੇ ਕਰੋੜਾਂ ਰੁਪੈ ਹਨ, ਤੇ ਮਹੰਤ ਨਰੈਣੂ ਵਾਂਗ ਅਨੇਕਾਂ ਕਿਰਾਏ ਦੇ ਕਾਤਲ ਹਨ। ਪਰ ਮੈਂ ਇਹ ਸਭ ਕੁਝ ਜਾਣਦਾ ਹੋਇਆ ਵੀ ਟੌਹੜੇ ਦੀਆਂ ਕੁਟਲ ਨੀਤੀਆਂ ਤੇ ਸਿੱਖ ਵਿਰੋਧੀ ਕਾਰਵਾਈਆਂ ਤੋਂ ਪਰਦਾ ਚੁੱਕਣਾ ਚਾਹੁੰਦਾ ਹਾਂ ਤਾਂ ਜੋ ਸਿੱਖ ਕੌਮ ਤੇ ਸਿੱਖੀ ਨੂੰ ਮਨਮੱਤਾਂ



Digitized by Panjab Digital Library | www.panjabdigilib...

ਤੇ ਅੰਧਵਿਸ਼ਵਾਸ਼ੀ ਤੋਂ ਬਚਾਇਆ ਜਾ ਸਕੇ, ਭਾਵੇਂ ਮੈਨੂੰ ਅਪਣੀ ਬਲੀ ਹੀ ਕਿਉਂ ਨਾ ਦੇਣੀ ਪਵੇ ? ਜੇ ਮੇਰੇ ਬਲੀ ਦੇਣ ਨਾਲ ਕੌਮ ਦੇ ਹਜ਼ਾਰਾਂ ਗਭਰੂਆਂ ਦੀਆਂ ਜਾਨਾਂ ਬਚ ਸਕਣ, ਇਹ ਸਾਜ਼ਸ਼ੀ ਟੌਹੜਾ ਕੌਮ ਨੂੰ ਦੋਬਾਰਾ ਕੁਰਾਹੇ ਪਾ ਕੇ ਕਿਸੇ ਨਵੇਂ ਪੁਆੜੇ ਵਿਚ ਨਾ ਫਸਾ ਸਕੇ ਅਤੇ ਮੇਰਾ ਖ਼ੂਨ ਸਿੱਖ ਸੰਗਤਾਂ ਨੂੰ ਟੌਹੜੇ ਦੀ ਅੰਦਰਲੀ ਨਾਸਤਕਤਾ ਤੇ ਖ਼ੂਨੀ ਬਘਿਆੜ ਵਾਲੇ ਕ੍ਰਿਦਾਰ ਬਾਰੇ ਜਾਣੂ ਕਰਵਾ ਸਕੇ, ਅੱਖਾਂ ਖੋਲਹ ਸਕੇ ਤਾਂ ਮੈਂ ਇਸ ਨੂੰ ਸਸਤਾ ਸੌਦਾ ਸਮਝਾਂਗਾ। ਤੇ ਸਮਝਾਂਗਾ ਕਿ ਮੇਰਾ ਮਨਮੱਤਾਂ ਤੇ ਅੰਧਵਿਸ਼ਵਾਸੀ ਵਿਰੁੱਧ ਆਰੰਭ ਕੀਤਾ ਧਰਮ ਯੁੱਧ ਸਫਲ ਹੋਇਆ ਹੈ।

ਮੇਰਾ ਅਟੱਲ ਵਿਸ਼ਵਾਸ਼ ਹੈ ਕਿ ਜ਼ਿੰਦਗੀ ਮੌਤ ਅਕਾਲ ਪੁਰਖ ਦੇ ਹੱਥ ਹੈ ਜਿਨੇ ਸਵਾਸ ਉਸ ਨੇ ਦੇਣੇ ਹਨ। ਉਹਨਾਂ ਨੂੰ ਕੋਈ ਘਟਾ ਨਹੀਂ ਸਕਦਾ, ਤੇ ਜਦ ਉਸ ਦੇ ਬਖਸ਼ੇ ਸੁਆਸਾਂ ਦੀ ਗਿਣਤੀ ਪੂਰੀ ਹੋਣੀ ਹੈ ਤਾਂ ਕੋਈ ਮੈਨੂੰ ਇਕ ਵੀ ਵੱਧ ਸੁਆਸ ਦੇ ਨਹੀਂ ਸਕਦਾ, ਉਸ ਹਾਲਤ ਵਿਚ ਮੈਂ ਬੀਮਾਰ ਹੋ ਕੇ ਮਰ ਜਾਵਾਂ, ਕਿਸੇ ਹਾਦਸੇ ਵਿਚ ਮਰ ਜਾਵਾਂ, ਟੌਹੜੇ ਦੇ ਕਿਰਾਏ ਦੇ ਕਾਤਲਾਂ ਦੇ ਹੱਥੋਂ ਮਰ ਜਾਵਾਂ ਮੇਰਾ ਅੰਤ ਹੋਣਾ ਹੀ ਹੈ। ਇਸ ਲਈ ਇਹ ਅਟੱਲ ਵਿਸ਼ਵਾਸ ਹੀ ਮੇਰੀ ਕਲਮ ਨੂੰ ਨਿੱਡਰਤਾ ਤੇ ਬੇਖੌਫੀ ਨਾਲ ਚਲਾਉਂਦਾ ਹੈ। ਤੇ ਜਿਨਾਂ ਸਮਾਂ ਅਕਾਲ ਪੁਰਖ ਨੇ ਸੁਆਸ ਜਾਰੀ ਰੱਖੇ ਉਨਾਂ ਸਮਾਂ ਇਹ ਕਲਮ ਨਿੱਡਰਤਾ ਨਾਲ ਗੁਰੂ ਨਾਨਕ ਦੀ ਸਿਖਿਆ ਅਤੇ ਸਿੱਖੀ ਦਾ ਪ੍ਰਚਾਰ ਕਰਦੀ ਹੀ ਰਹੇਗੀ। ਕਿਸੇ ਡਰ ਤੇ ਭੈ ਦਾ ਅਸਰ ਕਬੂਲ ਨਹੀਂ ਕਰੇਗੀ।

## ਮੁਖ ਮੰਤਰੀ ਤੇ ਡੀ.ਜੀ.ਪੀ. ਦੇ ਧਿਆਨ ਯੋਗ

ਟੌਹੜਾ ਸਾਜ਼ਸ਼ੀ ਕਾਤਲ ਹੈ। ਜੋ ਸਿਆਸੀ ਕਤਲ ਕਰਵਾਉਣ ਦਾ ਆਦੀ ਹੈ। ਮੈਨੂੰ ਵੀ ਕਈ ਆਦਮੀਆਂ ਨੇ ਆ ਕੇ ਕਿਹਾ ਹੈ ਕਿ ਬਚ ਕੇ ਰਹਿਣਾ ਟੌਹੜੇ ਨੇ ਤੁਹਾਡੇ ਪਿੱਛੇ ਅਪਣੇ ਕਿਰਾਏ ਦੇ ਕਾਤਲ ਛੱਡੇ ਹੋਏ ਹਨ। ਮੈਂ ਮੁੱਖ ਮੰਤਰੀ ਤੇ ਡੀ.ਪੀ.ਜੀ. ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਉਹ ਮੈਨੂੰ ਟੌਹੜੇ ਦੇ ਕਿਰਾਏ ਦੇ ਕਾਤਲਾਂ ਪਾਸੋਂ ਨਾ ਬਚਾ ਸਕੇ ਤਾਂ ਮੇਰੇ ਕਤਲ ਦੀ ਸਾਜ਼ਸ਼ ਦਾ ਕੇਸ ਗੁਰਚਰਨ ਸਿੰਘ ਟੌਹੜਾ ਪ੍ਰੋ: ਮਨਜੀਤ ਸਿੰਘ ਅਤੇ ਕਰਨੈਲ ਸਿੰਘ ਪੰਜੋਲੀ ਵਿਰੁੱਧ ਐਫ.ਆਈ.ਆਰ. ਦਰਜ ਕਰਕੇ ਇਹਨਾਂ ਦੀ ਇੰਟੈਰੋਗੇਸ਼ਨ ਕਰਨ। ਉਸ ਹਾਲਤ ਵਿਚ ਕਿਰਾਏ ਦੇ ਕਾਤਲ ਵੀ ਲੱਭ ਜਾਣਗੇ। ਤੇ ਅਜੇਹਾ ਕਰਨ ਨਾਲ ਸਿਆਸੀ ਕਤਲਾਂ ਦੀ ਖੇਡ ਵੀ ਅੱਗੋਂ ਲਈ ਬੰਦ ਹੋ ਜਾਏਗੀ। ਮੇਰੀ ਇਸ ਲਿਖਤ ਨੂੰ ਹੀ ਮੇਰਾ ਆਖਰੀ ਬਿਆਨ (Dieing Declaration) ਮੰਨ ਕੇ ਇਸ ਦੇ ਅਧਾਰ ਤੇ ਐਫ.ਆਈ.ਆਰ. (F.I.R.) ਦਰਜ ਕਰ ਦਿੱਤੀ ਜਾਵੇ।

**8-3-94**

## ਗਲਤੀ ਦੀ ਸੋਧ

**ਪਹਿਲੇ ਸਫੇ ਉੱਤੇ ਪ੍ਰਕਾਸ਼ਤ ਕਰਨ ਦੀ ਮਿਤੀ 8-4-93 ਛਪ ਗਈ ਸੀ ਉਸ ਨੂੰ 8-3-94 ਹੀ ਪੜ੍ਹਿਆ ਜਾਏ।**

PL-0267

Digitized by Panjab Digital Library | www.panjabdigilib.org